# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਅੰਮ੍ਰਿਤਸਰੁ ਸਿਫਤੀ ਦਾ ਘਰੁ ॥



ਸ੍ਰੀ ਅੰਮ੍ਰਿਤਸਰ ਦਾ ਚਾਰ ਸੌ ਸਾਲਾ ਸਥਾਪਨਾ ਦਿਵਸ ੨੬ ਤੋਂ ੨੯ ਅਕਤੂਬਰ ਤਕ ਮਨਾਇਆ ਜਾ ਰਿਹਾ ਹੈ।

**ਅਕਤੂਬਰ ੧੯੭੭**

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦-੬੮-੨੧ (ਮਿਤੀ ੧੭-੧੦--੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ | ਧਨਾਸਰੀ ਮਹਲਾ ੫ | ੧ |
| ਅਜਪਾ ਜਾਪ ਕੀ ਹੈ ? | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਜ਼ਿੰਦਗੀ ਤੇ ਮੌਤ | ,, ,, ,, | ੭ |
| 'ਸਤਿਗੁਰ ਸੰਗਿ ਨਾਹੀ ਮਨੁ ਡੋਲੈ' | ਭਾਈ ਜੋਗਿੰਦਰ ਸਿੰਘ ਜੀ | ੧੧ |
| 'ਸੂਤੇ ਗਏ ਮੁਹਾਏ' | ਪ੍ਰੋ: ਗੁਰਮੁਖ ਸਿੰਘ ਜੀ | ੧੩ |
| ਜਾਪੁ ਸਾਹਿਬ—ਕਾਵਿ ਅਨੁਵਾਦ | ਜੇ. ਪੀ. ਸੰਗਤ ਸਿੰਘ ਜੀ | ੧੭ |
| ਬਿਦਾਵੇ ਉਤੇ ਇਕ ਨਜ਼ਰ | ਸੁਕੈਡਰਨ ਲੀਡਰ ਰਾਮ ਸਿੰਘ ਜੀ | ੨੦ |
| ਤਖਤਿ ਬਹੈ ਤਖਤੈ ਕੀ ਲਾਇਕ | ਸੂਰਾ ਪਰਵਾਰ | ੨੭ |
| ਅੰਮ੍ਰਿਤਸਰੁ ਸਿਫਤੀ ਦਾ ਘਰੁ | ,, ,, | ੨੮ |
| ਇਕ ਪੰਥ-ਦਰਦੀ ਦਾ ਦਰਦ-ਸੁਨੇਹਾ | ਬਾਵਾ ਹਰਕ੍ਰਿਸ਼ਨ ਸਿੰਘ ਜੀ | ੩੦ |
| ਉਦਮੁ ਕਰੇਦਿਆ ਜੀਉ ਤੂ | ਗਿ: ਗੋਪਾਲ ਸਿੰਘ ਜੀ ਮਿਤਰ | ੩੬ |
| ਬਹਾਦਰ ਦੀਪ ਕੌਰ | ਸ: ਵਰਿਆਮ ਸਿੰਘ ਜੀ | ੩੭ |


## ਅਕਤੂਬਰ 1977 ਵਿਚ ਗੁਰਪੁਰਬ

| | |
|---|---|
| ਸ੍ਰੀ ਗੁਰੂ ਅੰਗਦ ਦੇਵ ਜੀ ਗੁਰਿਆਈ ਮਿਲੀ | ੨ ਅਕਤੂਬਰ |
| ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ ਸਮਾਏ | ੭ ਅਕਤੂਬਰ |
| ਸ੍ਰੀ ਗੁਰੂ ਰਾਮਦਾਸ ਜੀ ਪ੍ਰਕਾਸ਼ ਉਤਸ਼ਵ | ੨੯ ਅਕਤੂਬਰ |

## ਅਗਲੇ ਪਰਚੇ ਵਿਚ

| | |
|---|---|
| 'ਭਗਉਤੀ' ਪਦ-ਅਰਥ ਨਿਰਣੈ | ਗਿ: ਹਰਬੰਸ ਸਿੰਘ ਜੀ ਚੰਡੀਗੜ੍ਹ |
| ਏਕਾ ਸੁਰਤਿ ਜੇਤੇ ਹੈ ਜੀਅ | ਸਾਰੰਗ ਜੀ ਕਪੂਰਥਲਾ |

## ਭਾਈ ਮਹਿੰਦਰ ਸਿੰਘ ਜੀ S. D. O. ਦਾ ਨਵਾਂ ਐਡਰੈਸ

ਸੰਗਤਾਂ ਨੋਟ ਕਰ ਲੈਣ ਕਿ ਭਾਈ ਮਹਿੰਦਰ ਸਿੰਘ ਜੀ ਐਸ. ਡੀ. ਓ. ਪਰਸਿਧ ਕੀਰਤਨੀਏ Pb. P. W. D. (B & R) ਤੋਂ ਬਦਲ ਕੇ ਲੁਧਿਆਣੇ ਆ ਗਏ ਹਨ। ਹੁਣ ਸੰਗਤਾਂ ਲੋੜ ਅਨੁਸਾਰ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਕਰਨ.— ਭਾਈ ਮਹਿੰਦਰ ਸਿੰਘ ਜੀ ਸਿਵਲ ਇਨਜੀਨੀਅਰ
Pb. Agro Industries Corp, Salem Tabri, LUDHIANA.

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੧੦.੭੭ ਨੂੰ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ 5 1 8 4 7

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





| | |
|---|---|
| ਸਾਲਾਨਾ ਚੰਦਾ | ੮–੦੦ |
| ਇਕ ਪਰਚਾ | ੦–੭੫ |
| ਪਰਦੇਸ | |
| ਸਮੁੰਦਰੀ ਡਾਕ | ੧੮–੫੦ |
| ਹਵਾਈ ਡਾਕ | |
| ਅਰਬ, ਮਲਾਇਆ | ੩੫–੦੦ |
| ਯੂ. ਕੇ., ਅਫ਼ਰੀਕਾ | ੪੫–੦੦ |
| ਕੈਨੇਡਾ, ਅਮਰੀਕਾ | ੫੫–੦੦ |



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਜਿਲਦ ੧੧ ਅਕਤੂਬਰ ੧੯੭੭ ਅੰਕ ੧੦


## ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ

ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ ॥
ਲਪਟਿ ਰਹੇ ਮਾਇਆ ਰੰਗ ਰਾਤੇ ਲੋਚਨ ਕਛੂ ਨ ਸੂਝੀ ॥੧॥
ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ ॥ਰਹਾਉ॥
ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ ਤਾ ਕੀ ਮਿਟੈ ਨ ਭੂਖਾ ॥
ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ ॥੨॥
ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ ॥
ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ ॥੩॥
ਹਰਿ ਹਰਿ ਨਾਮੁ ਅਪਾਰ ਅਮੋਲਾ ਅੰਮ੍ਰਿਤੁ ਏਕ ਨਿਧਾਨਾ ॥
ਸੂਖੁ ਸਹਜੁ ਆਨੰਦੁ ਸੰਤਨ ਕੈ ਨਾਨਕ ਗੁਰ ਤੇ ਜਾਨਾ ॥੪॥੬॥

[ਧਨਾਸਰੀ ਮਹਲਾ ੫, ਪੰਨਾ ੬੭੨]

ਬਿਖਿਆ = ਮਾਇਆ । ਪਾਵਕ = ਅਗਨੀ । ਈਧਨਿ = ਲਕੜਾਂ ਨਾਲ । ਧ੍ਰਾਪੈ = ਰਜਦੀ । ਬਿੰਜਨ = ਖਾਣੇ ।


ਚਿੱਠੀ ਪੱਤਰ ਤੇ ਰਕਮ ਭੇਜਣ ਦਾ ਪਤਾ :—

ਮੈਨੇਜਰ 'ਸੂਰਾ' ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ



www.AKJ.Org

# ਅਜਪਾ ਜਾਪ ਕੀ ਹੈ ?

[ਵਲੋਂ:—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਕਈ ਨਾਮ-ਦਰਸ਼ਨ-ਨਿਰਣੀਏ ਨਵੀਨ ਲਿਖਾਰੀ ਨਾਮ ਨੂੰ ਅੱਠ-ਅੱਖਰਾ ਸ਼ਬਦ ਵਾਚ ਕੇ ਉਸ ਦੇ ਅਭਿਆਸ ਦੀਆਂ ਯੁਕਤੀਆਂ ਭੀ ਆਪ-ਹੁਦਰੀਆਂ ਜੁਗਤਾਉਂਦੇ ਹਨ, ਉਹ ਇਨ੍ਹਾਂ ਅਗਲੇ ਹੀ ਅੱਖਰਾਂ ਵਿਚ ਅਜਪਾ ਜਾਪ ਦੀ ਜੁਗਤੀ ਇਉਂ ਲਿਖਦੇ ਹਨ :

"ਅੰਮ੍ਰਿਤ ਵੇਲੇ ਦਾ ਸਿਮਰਨ ਅਜਪਾ ਜਾਪ ਲੋੜੀਦਾ ਹੈ, ਭਾਵ ਰਸਨਾ ਯਾ ਹੋਂਠ ਨਾ ਹਿੱਲਣ। ਸੁਆਸ ਅੰਦਰ ਜਾਣ ਤਾਂ ਖ਼ਿਆਲ ਕਰਨਾ 'ਸਤਿਨਾਮ', ਬਾਹਰ ਆਉਣ ਤਾਂ 'ਵਾਹਿਗੁਰੂ'—"

ਜਿਸ ਨਾਮ ਨੂੰ ਰਸਨਾ ਕਰਕੇ ਜਪਣ ਦੇ ਗੁਰਬਾਣੀ ਅੰਦਰ ਥਾਉਂ ਥਾਈਂ ਹੁਕਮ ਹਨ ਅਤੇ ਜਿਸ ਰਸਨਾ ਕਰਿ ਨਾਮ ਜਪਣ ਦੇ ਅਨੇਕ ਗੁਰ-ਪ੍ਰਮਾਣ ਹਨ, ਉਸ ਨਾਮ ਦੇ ਅਜਪਾ ਜਾਪੀ ਸਿਮਰਨ ਦੀ ਤਾਕੀਦੀ ਸ਼ਰਤ ਉਕਤ ਨਾਮ-ਜੁਗਤੀਸ਼ਰ-ਲਿਖਾਰੀ ਇਹ ਲਾਉਂਦੇ ਹਨ ਕਿ 'ਰਸਨਾ ਯਾ ਹੋਂਠ ਨਾ ਹਿਲਣ'। ਕਿਉਂ ? ਰਸਨਾ ਹੋਂਠ ਹਿਲਣ ਨਾਲ ਨਾਮ ਦੇ ਅਜਪਾ ਜਾਪ ਨੂੰ ਕੀ ਛਲ ਪੈ ਜਾਊ ? ਉਨ੍ਹਾਂ ਦੀ ਅਕਲੀ ਜੁਗਤੀ ਅੰਦਰ ਸਿਮਰਨ ਯਾ ਅਜਪਾ ਜਾਪ ਇਕ ਖ਼ਿਆਲੀ ਸ਼ੈ ਹੈ। ਰਸਨਾ ਯਾ ਹੋਂਠ ਹਿਲਾਉਣ ਨਾਲ ਸ਼ਾਇਦ ਖ਼ਿਆਲ ਉਖੜ ਜਾਣ ਦਾ ਖ਼ਤਰਾ ਹੋਣਾ ਹੈ, ਯਾ ਸ਼ਾਇਦ ਉਹ ਉਨ੍ਹਾਂ ਫ਼ਿਲਾਸਫ਼ਰਾਂ ਤੋਂ ਡਰਦੇ ਅਗੇ ਇਉਂ ਲਿਖਦੇ ਹਨ, ਜਿਹੜੇ ਕਹਿੰਦੇ ਹਨ ਕਿ ਬੱਕਰੀ ਵਾਂਗ ਮੂੰਹ ਮਾਰਨ ਦਾ ਕੀ ਫ਼ਾਇਦਾ ? ਅਤੇ ਰਸਨਾ ਤੇ ਹੋਂਠ ਹਿਲਾ ਕੇ ਉਹ ਬੱਕਰੀ ਵਾਂਗੂ ਮੂੰਹ ਮਾਰਨ ਵਾਲਿਆਂ ਅਗਿ-ਆਨੀਆਂ ਮੂਰਖਾਂ ਦੀ ਸ਼ਰੇਣੀ ਵਿਚ ਸ਼ਾਮਲ ਹੋ ਜਾਣ। ਫਿਰ ਜੋ ਉਹ ਲਿਖਦੇ ਹਨ ਕਿ 'ਸੁਆਸ ਅੰਦਰ ਜਾਣ ਤਾਂ ਖ਼ਿਆਲ ਕਰਨਾ......।'

ਕੀ ਮਹਿਜ਼ (ਕੇਵਲ) ਸੁਆਸਾਂ ਦਾ ਅਰਧ ਉਰਧੀ ਅੰਦਾਜ਼ ਨਾਲ ਵਖੋ ਵਖ ਚੁਅੱਖਰਾਂ ਦਾ ਖ਼ਿਆਲ ਕਰਨਾ, ਨਾਮ ਦਾ ਅਜਪਾ ਜਾਪ ਕਹਾਉਂਦਾ ਹੈ ? ਇਸ ਦੀ ਪ੍ਰੋੜ੍ਹਤਾ ਲਈ ਉਨ੍ਹਾਂ ਗੁਰ-ਪ੍ਰਮਾਣ ਨਹੀਂ ਦਿਤਾ, ਨਾ ਹੀ ਕੋਈ ਗੁਰਮਤਿ ਨਿਰਣਾ ਲਖਾਇਆ, ਕੇਵਲ ਆਪਣੀ ਅਕਲ ਦਾ ਢਕੋਂਸਲਾ ਹੀ ਲਗਾਇਆ। ਯਾ ਉਨ੍ਹਾਂ ਅਨਮਤੀਆਂ ਦੀ ਨਕਲ ਕੀਤੀ ਹੈ ਜੋ ਫੋਕ ਖ਼ਿਆਲੀ ਮੈਡੀਟੇਸ਼ਨ ਦੇ ਕਾਇਲ ਹਨ। ਆਪਣੇ ਨਿਜ-ਖ਼ਿਆਲੀ ਅਨੁਮਾਨ ਦੁਆਰਾ ਕੁਝ ਨਹੀਂ ਬਣ ਸਕਦਾ। ਇਸ ਜੁਗਤੀਸ਼ਰ ਜੀ ਦੇ ਭਾਣੇ ਜੋ ਕਿਛ ਹੈ ਸੋ ਖ਼ਿਆਲਾ ਖ਼ਿਆਲੀ ਦੇ ਅਨੁਮਾਨ ਵਿਚ ਹੀ ਹੈ, ਅਥਵਾ ਸੁਆਸਾ ਸੁਆਸੀ ਦੇ ਅਰਧਾ ਉਰਧੀ ਵਿਚ ਹੀ ਧਰਿਆ ਪਿਆ ਹੈ। ਜੋ ਅੱਠ-ਅੱਖਰੇ ਸ਼ਬਦ ਉਹ ਲਿਖਦੇ ਹਨ ਉਨ੍ਹਾਂ ਵਿਚ ਕੋਈ ਆਕਰਖਣੀ ਸ਼ਕਤਿ ਨਹੀਂ। ਉਨ੍ਹਾਂ ਨੂੰ ਤਾਂ ਜਪਣ ਲਈ ਜੀਭ ਭੀ ਨਹੀਂ ਲਾਉਣੀ ਅਤੇ ਹੋਂਠ ਨਹੀਂ ਹਿਲਾਉਣੇ। ਪਤਾ ਨਹੀਂ ਅੱਖਰਾਂ ਦੇ ਮਹਿਜ਼ ਖ਼ਿਆਲ ਵਿਚ ਹੀ ਕੀ ਮਿਕਨਾਤੀਸੀ ਅਸਰ ਹੈ ? ਸੁਆਸ ਤਾਂ ਪਹਿਲਾਂ ਹੀ ਖ਼ਿਆਲ ਦੀ ਸਹਾਇਤਾ ਤੋਂ ਬਿਨਾਂ ਹੀ ਸੁਤੇ ਸੁਭਾਵ ਆਪ-ਮੁਹਾਰੇ (automatically) ਆਉਂਦੇ ਜਾਂਦੇ ਰਹਿੰਦੇ ਹਨ, ਤਾਂ ਤੇ ਸੁਆਸਾਂ ਦੀ ਆਵਾਜਾਈ ਭੀ ਕੋਈ ਆਕਰਖਣੀ ਕਲਾ ਦੇ ਭੇਦ ਵਾਲੀ ਗੱਲ ਨਹੀਂ। ਜੇ ਭਲਾ ਬੈਖਰੀ ਦੁਆਰਾ ਜੀਭਾ ਬੁਲ੍ਹ ਨਹੀਂ ਹਿਲਾਉਣੇ ਤਾਂ ਪਰਾ ਬਸੰਤੀ ਬਾਣੀ ਦੁਆਰਾ ਸੁਆਸ ਅੰਦਰ ਬਾਹਰ ਖਿਚੇ ਜਾਂਦੇ ਤਾਂ ਭੀ ਮੰਨ ਲੈਂਦੇ ਕਿ ਅੱਠ-ਅੱਖਰੇ ਸ਼ਬਦਾਂ ਦੀ ਕੋਈ ਗੋਝ ਕਲਾ ਹੈ। ਸ਼ਬਦ ਨੂੰ ਤਾਂ ਉਨ੍ਹਾਂ ਬੈਖਰੀ ਕੀ,, ਪਰਾ ਪਸੰਤੀ ਅਤੇ ਮਧਮਾ ਬਾਣੀ ਕਰਕੇ ਭੀ ਪਰਸਣ ਨਹੀਂ ਦਿਤਾ ਤਾਂ ਪਾਰਸ ਕਲਾ ਕਿਵੇਂ ਵਰਤੇ !

ਮਹਿਜ਼ ਖ਼ਿਆਲ ਅਤੇ ਆਪੋਂ ਉਪਜੇ ਹਰ ਇਕ ਅਜਪਾ ਜਾਪੀ ਦੇ ਮਗਜ਼ੋਂ ਉਪੰਨੇ ਖ਼ਿਆਲ ਕੀ ਕਰ ਸਕਦੇ ਹਨ ? ਕੁਝ ਭੀ ਨਹੀਂ। ਇਸ ਫੋਕੀ ਦਿਮਾਗੀ ਖ਼ਿਆਲ ਬਿਰਤੀ (intellectual meditation) ਦਾ ਗੁਰਮਤਿ ਅੰਦਰ ਵਿਧਾਨ ਨਹੀਂ, ਸ਼ਾਇਦ ਲੇਖਕ ਜੀ ਦਾ ਨਿਰਾ ਅੱਖਰਾਂ ਦੇ



www.AKJ.Org

ਖ਼ਿਆਲ ਤੋਂ ਮਤਲਬ ਨਾ ਹੋਵੇ ਯਾ ਏਨ੍ਹਾਂ ਅੱਠ-ਅੱਖਰਾਂ ਤੋਂ ਉਪੰਨੇ ਦੋ ਸ਼ਬਦਾਂ ਦੇ ਅਰਥਾਂ ਨੂੰ ਖ਼ਿਆਲ (meditate) ਕਰਨ ਦਾ ਭਾਵ ਹੋਵੇ ਤਾਂ ਇਸ ਦੇ ਉਤਰ ਵਿਚ ਪਹਿਲੀ ਗੱਲ ਤਾਂ ਇਹ ਹੈ ਕਿ ਅਰਥਾਂ ਦੇ ਖ਼ਿਆਲ ਕਰਨ ਦੀ ਸਹਾਇਤਾ ਲਈ ਸੁਆਸਾਂ ਦੀ ਆਮਦ-ਰਫ਼ਤ ਦੇ ਖ਼ਿਆਲ ਕਰਨ ਦੀ ਉਕੀ ਹੀ ਲੋੜ ਨਹੀਂ। ਸੁਆਸਾਂ ਦਾ ਉਤਰਾ ਚੜ੍ਹਾਉ ਬੈਖਰੀ, ਮਧਮਾ, ਪਰਾ, ਪਸੰਤੀ ਬਾਣੀ ਵਾਲੇ ਅੱਖਰਾਂ ਦੀ ਅਰਧਾ ਉਰਧੀ ਮੁਖੀ ਪ੍ਰੈਕਟਿਸ ਕਰਨ ਨਮਿੱਤ ਤਾਂ ਕਿਸੇ ਅਰਥ ਵਿਚ ਕਾਰ-ਆਮਦ ਹੋ ਸਕਦਾ ਹੈ, ਨਿਰੀ ਅਰਥ-ਵਿਚਾਰੀ ਖ਼ਿਆਲ-ਥਿਊਰੀ ਨਾਲ ਸੁਆਸਾਂ ਦੀ ਸਾਧਨਾ ਕਿਸੇ ਭੀ ਲੇਖੇ ਨਹੀਂ।

ਗੁਰਮਤਿ ਨਾਮ-ਅਭਿਆਸ ਕਮਾਈ ਬਿਹੂਣ, ਨਿਰੀ ਖ਼ਿਆਲ-ਅੱਖਰੀ ਯਾ ਅੱਖਰ-ਖ਼ਿਆਲੀ ਸੁਆਸ-ਸਾਧਨਾ ਯੋਗਾਭਿਆਸੀਆਂ ਲਈ ਭਾਵੇਂ ਕੋਈ ਕੰਮ ਦਿੰਦੀ ਹੋਵੇ, ਪ੍ਰੰਤੂ ਗੁਰਮਤਿ ਅੰਦਰ ਨਾਮ-ਅਭਿਆਸ-ਸਖਣਾ ਯੋਗਾਭਿਆਸ ਕਿਸੇ ਲੇਖੇ ਨਹੀਂ। ਨਿਵਲ ਭੁਯੰਗਮੀ ਯੋਗ ਸਿਧ ਆਸਣ ਸਭ ਭੁਲੇਖੇ ਹਨ। ਹੁਣ ਪਤਾ ਨਹੀਂ ਕਿ ਲੇਖਕ ਜੀ ਦੀ ਦਸੀ ਲਿਖੀ ਸੁਆਸ-ਅਰਧਾ-ਉਰਧੀ ਜੁਗਤੀ-ਸਾਧਨਾ ਦਾ ਕੀ ਲਾਭ? ਅਤੇ ਗੁਰਮਤਿ ਅੰਦਰ ਇਸ ਦੀ ਅਨਕੂਲਤਾ ਕੀ? ਸ਼ਾਇਦ ਚਿਤ ਬਿਰਤੀਆਂ ਅਥਵਾ ਮਨ ਦੀ ਇਕਾ-ਗਰਤਾ (concentration of mind) ਲਈ ਵਿਦਵਾਨ ਲਿਖਾਰੀ ਜੀ ਨੇ ਉਕਤ ਅੱਠ-ਅੱਖਰੇ ਦੋ ਸ਼ਬਦਾ ਦੇ ਅਰਥ-ਵਿਚਾਰੀ ਗੁਣਾਂ ਨੂੰ ਚਿੰਤਨ ਕਰਨਾ ਹੀ 'ਖ਼ਿਆਲ ਕਰਨ' ਦਾ ਭਾਵ ਲਾਇਆ ਹੋਵੇ ਅਤੇ ਚਿਤ ਬਿਰਤੀ ਦੀ ਅਸਥਿਰਤਾ ਲਈ ਇੰਦਰੀਆਂ ਦੇ ਨਿਰੋਧ ਅਤੇ ਇੰਦਰੀਆਂ ਦੇ ਕੰਮ ਨ ਕਰਨ ਖ਼ਾਤਰ ਪ੍ਰਾਣਾਯਾਮ ਦੀ ਸਹਾਇਤਾ ਲਈ ਹੋਵੇ।

ਸ਼ਬਦ-ਅਰਥਾਂ ਦੇ ਖ਼ਿਆਲ ਦੁਆਰਾ ਅਕਾਲ ਪੁਰਖ ਦੇ ਗੁਣਾਂ ਦੇ ਚਿੰਤਨ ਕਰਨ ਨੂੰ ਹੀ ਜੇ ਅਜਪਾ ਜਾਪ ਯਾ ਨਾਮ ਦਾ ਸਿਮਰਨ ਸਮਝ ਲਈਏ ਤਾਂ ਦਸੋ ਆਪੋਂ ਸਮਝੇ ਅਰਥਾਂ ਦੁਆਰਾ ਅਕਾਲ ਪੁਰਖ ਦੇ ਗੁਣਾਂ ਨੂੰ ਇਸ ਬਿਧ ਚਿੰਤਨ ਕਰੀ ਜਾਣਾ ਕਿ 'ਉਸ ਦਾ ਨਾਮ ਸਤਿ ਹੈ ਅਤੇ ਉਹ ਬਿਸਮਾਦ ਰੂਪ ਹੈ ਅਤੇ ਪ੍ਰਕਾਸ਼ ਰੂਪ ਹੈ', ਅਕਾਲ ਪੁਰਖ ਦੇ ਤੱਤ ਸਰੂਪ ਦਾ ਕਿਵੇਂ ਲਖਾਇਕ ਹੋ ਸਕਦਾ ਹੈ ਅਤੇ ਇਨ੍ਹਾਂ ਗੁਣਾਂ ਦਾ ਚਿੰਤਨ ਮਾਤਰ ਹੀ ਕਿਵੇਂ ਅਜਪਾ ਜਾਪ ਬਣ ਸਕਦਾ ਹੈ? ਅੱਵਲ ਤਾਂ ਹਰ ਵਕਤ ਅਤੇ ਛਿਨ ਛਿਨ ਉਸ ਦੇ ਅਨੇਕਾਂ (ਸਹੰਸਰ) ਗੁਣਾਂ ਨੂੰ ਚਿੰਤਨ ਕਰੀ ਜਾਣਾ ਹੀ ਮੁਹਾਲ ਹੈ। ਚਿੰਤਨ ਕਰਨਹਾਰੀਆਂ ਚਿਤ-ਬਿਰਤੀਆਂ ਤਾਂ ਹਰ ਦਮ ਮਾਇਆ ਦੇ ਧੰਧ ਬੰਧ ਵਿਚ ਖਚਤ ਹਨ। ਸੰਕਲਪ ਵਿਕਲਪਾਂ ਦੇ ਬੰਧਨਾਂ ਤੋਂ ਕਿਵੇਂ ਬੰਦ ਖਲਾਸੀ ਹੋਵੇ, ਤਾਂਕਿ ਚਿਤ ਬਿਰਤੀਆਂ ਉਸ ਦੇ ਗੁਣਾਂ ਦੇ ਚਿੰਤਨ ਕਰਨ ਵਿਚ ਲਗਣ। ਆਪੋਂ ਅਨੁਮਾਨੀ ਗੁਣ-ਚਿੰਤ-ਕਲਪਨਾ ਦੁਆਰਾ ਤਾਂ ਬਣਦਾ ਹੀ ਕੁਛ ਨਹੀਂ। ਨਾ ਚਿਤ ਬਿਰਤੀਆਂ ਦਾ ਨਿਰੋਧ ਹੋਵੇ, ਨਾ ਗੁਣ ਚਿੰਤਨ ਵਿਚ ਬਿਰਤੀ ਲਗੇ। ਆਪਣੀ ਅਕਲ ਦੁਆਰਾ ਅਕਾਲ ਪੁਰਖ ਦੇ ਗੁਣ ਅਨੁਮਾਨੇ ਹੋਏ ਅਤੇ ਅਨੁਮਾਨ ਕੇ ਚਿੰਤਨ ਕੀਤੇ ਹੋਏ ਤਾਂ ਫੋਕਟ ਗੁਣ-ਖ਼ਿਆਲੀ ਦੀ ਗੇੜਾ-ਗੇੜੀ ਵਿਚ ਹੀ ਰਖਦੇ ਹਨ। ਵਾਸਤਵੀ ਗੁਣ-ਲਖਤਾ ਇਸ ਬਿਧ ਹੋਣੀ ਅਸੰਭਵ ਹੈ। ਅਲਪਗ ਅਕਲ ਦੇ ਅਨੁਮਾਨੇ ਹੋਏ ਸਰਬੱਗ ਅਕਾਲ ਪੁਰਖ ਦੇ ਗੁਣ ਨਿਰੇ ਅਨੁਮਾਨਕ ਗੁਣ ਹੀ ਹੋਣਗੇ। ਅਨੁਮਾਨਕ ਗੁਣਾਂ ਦਾ, ਅਰਥਾਤ ਆਪੋਂ ਲਖਣ ਲਾਏ ਗੁਣਾਂ ਦਾ ਚਿੰਤਨ ਕਰਨਾ, ਨਾ ਹੀ ਨਾਮ ਅਭਿਆਸ ਹੈ, ਨਾ ਹੀ ਗੁਣ ਅਭਿਆਸ ਅਤੇ ਨਾ ਹੀ ਇਸ ਅਭਿਆਸ ਦਾ ਕੁਛ ਸੁਬੇਹਤਾ ਹੈ।

ਹਾਂ, ਗੁਰਬਾਣੀ ਦੁਆਰਾ ਦਰਸਾਏ ਅਕਾਲ ਪੁਰਖ ਦੇ ਗੁਣਾਂ ਦਾ ਚਿੰਤਨ ਗੁਣਕਾਰੀ ਹੋ ਸਕਦਾ ਹੈ, ਗੁਰਬਾਣੀ ਅੰਦਰ ਦਰਸਾਈ ਗੁਰਮਤਿ ਬਿਧੀ ਅਨੁਸਾਰ, ਨਾ ਕਿ ਅਨੁਮਾਨ-ਖ਼ਿਆਲੀਆਂ ਦੀ ਖ਼ਿਆਲ-ਜੁਗਤੀ ਅਨੁਸਾਰ, ਜਿਨ੍ਹਾਂ ਨੂੰ ਹੁਣ ਤਾਈਂ ਇਹ ਭੀ ਪਤਾ ਨਹੀਂ ਕਿ ਸਤਿਨਾਮ ਤਾਂ ਨਾਮ ਦਾ ਵਿਸ਼ੇਸ਼ਣ ਹੈ, ਨਾ ਕਿ ਖ਼ੁਦ ਨਾਮ। ਜੋ ਨਿਜ ਖ਼ਿਆਲ-ਚਿੰਤਨੀ ਕਲਾ ਨੂੰ ਵਿਸ਼ੇਸ਼ਤਾ ਦਿੰਦੇ ਹਨ, ਪਰ ਗੁਰਬਾਣੀ ਰੂਪੀ ਅੰਮ੍ਰਿਤ ਗੁਣਾਂ ਦੀ ਪਾਰਸ-ਕਲਾ ਉਤੇ ਭਰੋਸਾ ਨਹੀਂ ਰਖਦੇ। ਗੁਰਬਾਣੀ ਦੇ ਯਾ ਗੁਰਬਾਣੀ ਰੂਪੀ ਗੁਣਾਂ ਦੇ, ਅਥਵਾ ਗੁਰਬਾਣੀ



www.AKJ.Org

ਦਰਸਾਏ ਗੁਣਾਂ ਦੇ ਨਿਜ ਕਲਪੇ ਅਰਥਾਂ ਦੀ ਚਿੰਤਨ-ਕਲਾ ਨੂੰ ਤਾਂ ਓਹ ਮੰਨਦੇ ਹਨ, ਪਰ ਖ਼ਾਸ ਗੁਰਬਾਣੀ ਯਾ ਗੁਰਬਾਣੀ ਰੂਪੀ ਅੰਮ੍ਰਿਤ ਗੁਣਾਂ, ਅਥਵਾ ਗੁਰਬਾਣੀ ਅੰਦਰ ਦਰਸਾਏ ਅਕਾਲ ਪੁਰਖ ਦੇ ਅਕਾਲੀ ਗੁਣਾਂ ਦੇ ਕਥਨ ਸੁਣਨ ਪੜ੍ਹਨ ਦੀ ਪਾਰਸ-ਕਲਾ ਨੂੰ ਉਹ ਨਹੀਂ ਮੰਨਦੇ। ਪਾਰਸ ਦੇ ਗੁਣ ਪਰਸੇ ਤੇ ਹੀ ਜਾਣੇ ਜਾਂਦੇ ਹਨ, ਜਦੋਂ ਕਿ ਪਾਰਸ-ਕਲਾ ਵਰਤਦੀ ਹੈ; ਅਨੁਮਾਨੇ ਤੋਂ ਨਹੀਂ ਜਾਣੇ ਜਾਂਦੇ, ਕਿਉਂਕਿ ਪਾਰਸ ਗੁਣਾਂ ਦਾ ਤਤ ਸਰੂਪ ਅਲਪਗ ਅਕਲ ਤੋਂ ਅਗੋਚਰ ਹੈ। ਉਨ੍ਹਾਂ ਦਾ ਅਨੁਮਾਨ ਕੋਈ ਕੀ ਕਰ ਸਕੇਗਾ ਅਤੇ ਨਿਰੇ ਅਨੁਮਾਨ ਕਰਨ ਨਾਲ, ਨਾ ਹੀ ਪਾਰਸ ਗੁਣਾਂ ਦੀ, ਅਥਵਾ ਪਾਰਸ ਗੁਣਾਂ ਵਾਲੇ ਗੁਣੀ ਅਕਾਲ ਪੁਰਖ ਦੀ ਲਖਤਾ ਹੋਵੇਗੀ, ਨਾ ਹੀ ਲੀਨਤਾ। ਗੁਰਬਾਣੀ ਰੂਪੀ ਪਾਰਸ ਗੁਣਾਂ ਨੂੰ ਸੁਆਸ ਸੁਆਸ ਪਰਸਣਾ, ਊਠਤ ਬੈਠਤ ਪਰਸਦੇ ਰਹਿਣਾ ਬੜੀ ਅਉਖੀ ਕਾਰ ਹੈ। ਗੁਰਬਾਣੀ ਦਾ, ਅੰਮ੍ਰਿਤ ਬਾਣੀ ਦਾ ਤਤਸਰ ਅੰਮ੍ਰਿਤ ਨਾਮ ਗੁਰਮੰਤਰ ਰੂਪੀ ਤਤ ਪਾਰਸ ਹੀ ਸੁਆਸ ਸੁਆਸ ਖਿਨ ਖਿਨ ਪਰਸਿਆ ਜਾ ਸਕਦਾ ਹੈ। ਅਤੇ ਇਹ ਪਾਰਸ ਪਰਸ ਕਲਾ ਸਰੋਤ, ਦ੍ਰਿਸ਼ਟੀ, ਰਸਨਾ ਅਤੇ ਹਿਰਦੇ ਦੁਆਰਾ ਹੀ ਵਿਸ਼ੇਸ਼ ਕਰਕੇ ਵਰਤੇਗੀ। ਨਿਰੇ ਖਿਆਲ ਦੁਆਰਾ ਯਾ ਅਰਥਾ-ਬੰਦੀ ਦੀ ਵੀਚਾਰ ਦੁਆਰਾ ਨਹੀਂ ਵਰਤ ਸਕਦੀ :

ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ
ਧਿਆਈਐ ਸੋਈ ॥...੩॥ (੪॥੧੦)

[ਸੋਰਠਿ ਮ: ੫, ਪੰਨਾ ੬੧੧

ਪਾਰਸ-ਕਲਾ ਸ਼ਬਦ ਬਾਣੀ ਦੇ ਪਰਸਣ ਕਰਿ ਵਰਤੇਗੀ। ਸ਼ਬਦ ਬਾਣੀ ਯਾ ਤਾਂ ਸਰਵਣਾਂ ਦੁਆਰਾ ਹੀ ਪਰਸੀ ਜਾ ਕੇ ਅੰਦਰ ਉਤਰੇਗੀ ਅਤੇ ਆਪਣੀ ਪਾਰਸ-ਕਲਾ ਵਰਤਾਏਗੀ ਯਾ ਰਸਨਾ ਅਤੇ ਮੁਖ ਦੁਆਰਾ ਪੜ੍ਹੀ ਗੁਣੀ ਅਤੇ ਗਾਈ ਜਾ ਕੇ ਅੰਤਰ-ਆਤਮੇ ਆਪਣੀ ਪਾਰਸ-ਕਲਾ ਵਰਤਾਏਗੀ, ਯਾ ਰਿਦੰਤਰੀ ਘਟ ਸੁਆਸਾਂ ਦੁਆਰਾ ਅਭਿਆਸੀ ਜਾ ਕੇ, ਅਰਥਾਤ ਹਲਕ ਤਾਲੂ ਨਾਲ ਸੁਤੇ ਸਪਰਸੇ ਸੁਆਸਾਂ ਦੁਆਰਾ ਬਿਲੋਈ ਜਾ ਕੇ ਆਪਣੀ ਅੰਮ੍ਰਿਤ ਅਕਸੀਰ ਦਾ ਪਾਰਸ-ਰਸਾਇਣੀ ਅਸਰ ਉਪਜਾਏਗੀ। ਖ਼ਿਆਲ, ਨਿਰੋਲ ਖ਼ਿਆਲ ਸ਼ਬਦ ਬਾਣੀ ਨੂੰ ਨਹੀਂ ਸਪਰਸ ਸਕਦਾ, ਸ਼ਬਦ ਬਾਣੀ ਦਾ ਅਨੁਮਾਨ ਮਾਤਰ ਹੀ ਲਾ ਸਕਦਾ ਹੈ; ਉਹ ਭੀ ਨਿਜ ਕਲਪੀ ਅਲਪਗਤਾ ਨੂੰ ਅਰਥਾ ਕੇ। ਨਿਜ ਖ਼ਿਆਲਾਂ ਦੁਆਰਾ ਅਨੁਮਾਨੇ ਅਰਥ ਨਿਜ ਦਿਮਾਗ਼ ਦੇ ਅਲਪਗ ਖ਼ਿਆਲ ਹੀ ਹੋਣਗੇ। ਤਾਂ ਤੇ ਖ਼ਿਆਲਾਂ ਨੂੰ ਖ਼ਿਆਲ ਹੀ ਪਰਸਣਗੇ।

ਪਾਰਸ-ਕਲਾ ਕੈਸੇ ਵਰਤੇਗੀ ? ਕੇਵਲ ਪਾਰਸ-ਕਲਾ ਨੂੰ ਸੁਪਰਸਿਆਂ ਨੂੰ ਵਰਤ ਸਕਦੀ ਹੈ। ਅੰਮ੍ਰਿਤ ਰਸਾਇਣੀ ਪਾਰਸ-ਕਲਾ ਤਾਂ ਗੁਰ-ਸ਼ਬਦ ਹੈ, ਨਾ ਕਿ ਗੁਰ-ਸ਼ਬਦ ਦੇ ਨਿਜ ਕਲਪੇ ਅਰਥਾਂ ਵਿਚ। ਨਿਜ ਕਲਪੇ ਅਰਥ ਤਾਂ ਆਪਣੇ ਅਲਪਗ ਖ਼ਿਆਲ ਹੀ ਹਨ। ਗੁਰ-ਸ਼ਬਦ ਦੀ ਖ਼ਾਸ ਖ਼ਾਸੀਅਤ ਹੀ ਅੰਮ੍ਰਿਤ ਰੂਪ ਹੈ, ਪਾਰਸ ਸਦਰਸ਼ ਹੈ :

ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਇਹੁ ॥...
੨॥ (੧੫) [ਬਿਹਾਗੜੇ ਕੀ ਵਾਰ,ਮ:੩,ਪੰਨਾ੫੫੪

ਇਸ ਅੰਮ੍ਰਿਤ ਰੂਪ ਪਾਰਸ ਨਾਮ ਨੂੰ ਮੁਖ ਰਸਨਾ ਸੁਆਸ ਹਿਰਦਾਸ ਦੁਆਰਾ ਪਰਸਣਾ ਮਾਨੋਂ ਇਸ ਪਾਰਸ ਅੰਮ੍ਰਿਤ ਦਾ ਦਾਰੂ ਲਾਉਣਾ ਹੈ। ਇਸ ਦਾਰੂ ਰੂਪ ਪਾਰਸ (ਅੰਮ੍ਰਿਤ) ਨਾਮ ਦੇ ਪਰਸਣ ਦਾ ਅੰਮ੍ਰਿਤ ਫਲ ਕੀ ਹੋਵੇਗਾ :

...ਭਰਮੈ ਕੇ ਛਉੜ ਕਟਿ ਕੈ ਅੰਤਰਿ
ਜੋਤਿ ਧਰੇਹੁ ॥... ੨॥(੧੫)

[ਬਿਹਾਗੜੇ ਕੀ ਵਾਰ, ਮ: ੩, ਪੰਨਾ ੫੫੪

ਅੰਤਰ ਜੋਤਿ ਪ੍ਰਕਾਸ਼ ਪਾਰਸ ਸ਼ਬਦ ਦੀ ਸਪ੍ਰਸਤਾ ਦਾ ਅੰਮ੍ਰਿਤ-ਫਲ ਹੈ :

ਸਬਦਿ ਜੋਤਿ ਜਗਾਇ ਦੀਪਕੁ...੩॥ (੪॥੧)

(ਬਿਲਾਵਲ ਮ: ੧, ਪੰਨਾ ੮੪੩

ਚੰਦਨ ਨਿਕਟਿ ਸਭ ਚੰਦਨੁ ਹੁਈਆ॥੨॥(੮॥੨॥੫)

[ਬਿਲਾਵਲੁ ਮ: ੪, ਪੰਨਾ ੮੩

ਸ਼ਬਦ-ਗੁਰ ਪਾਰਸ ਚੰਦਨ ਹੈ, ਜਿਤਨੀ ਭੀ ਕਾਸ਼ਟ ਲੋਸਟ ਹੈ, ਸੋ ਸਭ ਪਾਰਸ ਚੰਦਨ ਨੂੰ ਪਰਸਣ ਕਰਿ ਪਾਰਸ ਚੰਦਨ ਰੂਪ ਹੀ ਹੋ ਜਾਂਦੀ ਹੈ। **ਬਸ ਸ਼ਬਦ ਗੁਰ ਮੰਤਰ ਦੇ ਪਰਸਣ ਦੀ ਹੀ**



www.AKJ.Org

**ਲੋੜ ਹੈ, ਪਾਰਸ-ਕਲਾ ਆਪੇ ਵਰਤੇਗੀ। ਕਿਸੇ ਨਿਜ-ਕਲਪੇ ਖ਼ਿਆਲ ਦੀ ਇਥੇ ਜਾਇ ਨਹੀਂ, ਗੁਰ ਸ਼ਬਦ, ਗੁਰ ਮੰਤਰ, ਗੁਰਮਤਿ ਨਾਮ ਨੂੰ ਜਪਣਾ, ਪੜ੍ਹਨਾ, ਸੁਣਨਾ, ਗਾਵਣਾ ਹੀ ਪਾਰਸ-ਕਲਾ ਵਰਤਾਉਣ ਨੂੰ ਸਮਰਥ ਹੈ**, ਕਿਉਂਕਿ ਗੁਰਬਾਣੀ, ਗੁਰ ਸ਼ਬਦ, ਗੁਰ ਮੰਤਰ ਦਾ ਗਾਵਣਾ, ਪੜ੍ਹਨਾ, ਸੁਣਨਾ ਅਤੇ ਜਪਣਾ ਗੁਰਬਾਣੀ, ਗੁਰ-ਸ਼ਬਦ, ਗੁਰ ਮੰਤਰ ਰੂਪੀ ਪਾਰਸ ਨੂੰ ਪਰਸਣਾ ਹੈ। ਸਾਰੀ ਗੁਰਬਾਣੀ ਮੰਤਰ ਰੂਪ ਹੈ, ਇਸ ਦੇ ਅਰਥਾਉਣ ਦੀ ਲੋੜ ਨਹੀਂ। ਬਿਨਾਂ ਅਰਥਾਏ ਹੀ ਮੰਤਰ ਕਲਾ ਵਰਤਦੀ ਹੈ। ਮਹਿਜ਼ ਬਾਣੀ ਦੇ ਬਾਰੰ ਬਾਰ ਪੜ੍ਹਨ, ਸੁਣਨ ਅਤੇ ਜਪਣ ਦੀ ਲੋੜ ਹੈ। ਮੰਤਰ ਤੋਂ ਭਾਵ ਹੀ ਬਾਰੰ ਬਾਰ ਜਪਣ ਦਾ ਹੈ। ਗੁਰ ਸ਼ਬਦ,ਗੁਰ ਮੰਤਰ ਅਰਥਾਤ ਨਾਮ (ਗੁਰਮਤਿ ਨਾਮ) ਬਾਣੀ ਸਰੂਪ ਹੈ, ਅਰਥਾਤ ਗੁਰ ਸ਼ਬਦ, ਗੁਰ ਮੰਤਰ (ਨਾਮ) ਭੀ ਬਾਣੀ ਹੈ। ਸਾਰੀ ਗੁਰਬਾਣੀ ਦਾ ਤਤ, ਗੁਰ ਮੰਤਰ ਰੂਪੀ ਅੰਮ੍ਰਿਤ ਬਾਣੀ ਹੈ। ਇਸੇ ਬਾਣੀ ਸਰੂਪ ਅੰਮ੍ਰਿਤ ਨਾਮ-ਗੁਰ ਮੰਤਰ ਦਾ ਅਜਪਾ ਜਾਪ ਹੋਣਾ ਸੰਭਵ ਹੈ।

ਅਜਪਾ ਜਾਪ ਦੇ ਆਮ ਅਰਥ ਕਈ ਇਉਂ ਲਾਉਂਦੇ ਹਨ ਕਿ ਜੋ ਜਾਪ ਰਸਨਾ, ਤਾਲੂ, ਮੁਖ ਕਰਕੇ, ਅਥਵਾ ਪਰਾ, ਪਸੰਤੀ, ਮਧਮਾ, ਬੈਖਰੀ ਬਾਣੀ ਕਰਕੇ ਨਾ ਜਪਿਆ ਜਾਵੇ ਸੋ ਅਜਪਾ ਜਾਪ ਹੈ। ਅਸੀਂ ਪੁਛਦੇ ਹਾਂ ਕਿ ਜਾਪ ਜੇ ਰਸਨਾ, ਤਾਲੂ, ਮੁਖ ਅਤੇ ਪਰਾ, ਪਸੰਤੀ ਆਦਿਕ ਬਾਣੀ ਕਰਕੇ ਨਾ ਜਪਿਆ ਜਾਵੇ ਤਾਂ ਗਿਆਨੀ ਦੱਸਣ ਕਿ ਇਹ ਜਾਪ ਹੋਰ ਕਿਵੇਂ ਜਪਿਆ ਜਾਵੇ। ਖ਼ਿਆਲ ਕਰ ਕੇ ਜਪਣ ਦਾ ਨਾਉਂ 'ਜਾਪ' ਨਹੀਂ ਹੋ ਸਕਦਾ। ਖ਼ਿਆਲ ਕਰਕੇ ਤਾਂ ਕੋਈ ਸ਼ਬਦ ਖ਼ਿਆਲਿਆ ਹੀ ਜਾ ਸਕਦਾ ਹੈ, ਜਪਿਆ ਨਹੀਂ ਜਾ ਸਕਦਾ। ਜਾਪ ਤਾਂ ਜਾਪ ਹੀ ਰਹੇਗਾ, ਗਿਆਨੀਆਂ ਦੇ ਅਰਥਾਂ ਵਾਲਾ ਅਜਪਾ ਜਾਪ ਨਹੀਂ ਹੋ ਸਕਦਾ।

ਗੁਰਮਤਿ ਦੇ ਅਜਪਾ ਜਾਪ ਦਾ ਪਦ ਅਰਥ ਆ-ਮੁਹਾਰਾ ਜਾਪ ਹੈ। ਇਕੋ ਸਾਹ ਜਪਿਆ ਜਾਪ, ਆ-ਮੁਹਾਰਾ ਅਤੁਟ ਜਾਪ ਕਰਕੇ ਜਪਿਆ ਜਾਪ, ਸੋ ਅਜਪਾ ਜਾਪ ਹੈ। ਅਮੁਕ, ਜਪ ਗਿਣਤੀ ਤੋਂ ਅਗਿਣਤ, ਜਿਸ ਦੇ ਜਪ ਜਾਪ ਦੀ ਕੋਈ ਥੰਮ ਥਾਮ ਨਹੀਂ, ਜਿਸ ਦੀ ਜਪ-ਗਿਣਤੀ ਦਾ ਕੋਈ ਸ਼ੁਮਾਰ ਨਹੀਂ। ਅਥਾਹ ਜਪਣ ਸ਼ੁਮਾਰ ਵਾਲਾ ਜਾਪ, ਸੋ ਕਹੀਐ ਅਜਪਾ ਜਾਪ। ਅਜਪ ਅਟਕ ਤੋਂ ਬਾਹਰਾ ਜਪ, ਹਦ ਥਾਹ ਤੋਂ ਅਗੋਚਰਾ ਜਾਪ, ਸੋ ਹੈ ਅਜਪਾ ਜਾਪ, ਜਿਸ ਨੂੰ ਦਿਨ ਰਾਤ ਸੁਆਸਿ ਸੁਆਸਿ ਜਪੀ ਹੀ ਜਾਈਏ, ਜਿਸ ਜਾਪ ਤੋਂ ਕਦੇ ਭੀ ਅਜਪਾ ਨਾ ਹੋਈਐ, ਸੋ ਕਹੀਐ ਅਜਪਾ ਜਾਪ।

ਜਾਪ ਕੀ ਹੈ ? ਅਜਪਾ ਦੇ ਅਰਥ ਜਪ ਰਹਿਤ ਯਾ ਜਾਪ ਰਹਿਤ ਹੋ ਹੀ ਨਹੀਂ ਸਕਦੇ, ਨਾਲੇ ਜਾਪ ਨਾਲੇ ਅਜਾਪ। ਜਾਪ ਜੋ ਜਪਿਆ ਨਾ ਜਾਏ, ਇਹ ਅਰਥ ਅਜਪਾ ਜਾਪ ਦੇ ਫਬਦੇ ਹੀ ਨਹੀਂ। ਜਾਪ ਕੀ ? ਤੇ ਅਜਪਾ ਕੀ ? ਅਜਪਾ ਦੇ ਅਰਥ 'ਜੋ ਜਪ ਨਾ ਹੋਵੇ' ਕਰਨੇ 'ਜਾਪ' ਪਦ ਦੇ ਅਰਥਾਂ ਦੀ ਸ੍ਵੈ-ਵਿਰੋਧਤਾ (self contradiction) ਹੈ। ਜਿਥੇ "ਜਾਪ ਸੁ ਅਜਪਾ ਜਾਪੈ"* ਦੇ ਹੁਕਮ ਵਾਲਾ ਗੁਰਵਾਕ ਹੈ, ਓਥੇ ਤਾਂ ਸਪੱਸ਼ਟ ਜਾਪ ਜਪਾਣ ਦਾ ਹੁਕਮ ਹੈ। ਸੋ ਜਾਪ ਜਪਾਣ ਦਾ ਹੁਕਮ ਹੈ ਤਾਂ ਅਜਪਾ ਪਦ ਦੇ ਅਰਥ 'ਜਾਪ ਰਹਿਤ' ਨਹੀਂ ਹੋ ਸਕਦੇ। ਮਨ-ਖ਼ਿਆਲੇ ਜਾਪ ਨੂੰ ਅਜਪਾ ਜਾਪ ਦਸਣਾ 'ਜਪ' 'ਜਾਪ' ਪਦਾਂ ਨਾਲ ਮਖ਼ੌਲ ਕਰਨਾ ਹੈ। ਐਸੇ ਅਰਥਾਂ ਵਾਲੇ ਅਜਪਾ ਜਾਪ ਨੂੰ ਮਨ-ਖਿਆਲਿਆ ਖ਼ਿਆਲ ਕਹਿਣਾ ਠੀਕ ਹੋਵੇਗਾ। ਵਾਕਈ ਐਸੇ ਜੋਗ ਜੁਗਤੀਸ਼ਰੀ ਲੋਕ ਨਿਰੇ ਮਨ ਦੇ ਖਿਆਲ ਨੂੰ ਹੀ ਮੁਖ ਰਖਦੇ ਹਨ। ਮਨ-ਕਲਪੀਆਂ ਖਿਆਲ ਬਿਰਤੀਆਂ ਟਿਕਣ ਟਿਕਾਉਣ ਨੂੰ ਚਿਤ ਬਿਰਤੀਆਂ ਦੀ ਇਕਾਗਰਤਾ ਦਸਦੇ ਹਨ। ਸ਼ਬਦ ਜਾਪ ਨੂੰ ਨਾਮ ਮਾਤਰ ਵਿਚਕਾਰ ਰਖਕੇ ਅੱਖੀਂ ਘੱਟਾ ਪਾਉਂਦੇ ਹਨ, ਜੈਸਾ ਕਿ ਅਗੇ ਜਾ ਕੇ ਉਹ ਲਿਖਦੇ ਹਨ। ਦੇਖੋ ਕੀ ਲਿਖਦੇ ਹਨ। ਲਓ :

> "ਪ੍ਰਾਣੀ ਜਦ ਇਕਾਗਰ-ਚਿਤ ਹੁੰਦਾ ਹੈ ਤਾਂ ਉਸ ਨੂੰ ਆਪਣੇ ਆਪ ਹੀ ਨਾਮ-ਧੁਨੀ ਸੁਣਾਈ ਦਿੰਦੀ ਹੈ। ਇਕਾਗਰਤਾ ਨਾਲ ਬ੍ਰਿਤੀ ਸੂਖਮ ਹੁੰਦੀ ਹੈ ਤੇ ਫਿਰ ਨਾਮ ਦੀ ਧੁਨੀ ਸੁਣਾਈ ਦਿੰਦੀ ਹੈ।"

ਇਕਾਗਰ-ਚਿਤ ਹੋਣ ਦਾ ਸਾਧਨ ਇਥੇ ਉਨ੍ਹਾਂ

---

*ਰਾਮਕਲੀ ਪਾ: ੧੦



www.AKJ.Org

ਕੁਝ ਨਹੀਂ ਦਸਿਆ। ਮਾਨੋ ਆਪੋਂ ਹੀ ਬਿਰਤੀਆਂ ਇਕਾਗਰ ਹੋ ਸਕਦੀਆਂ ਹਨ। ਨਾਮ-ਜਾਪ ਦੇ ਸਾਧਨ ਦਾ ਇਥੇ ਨਾਉਂ ਨਹੀਂ ਲਿਆ, ਬਲਕਿ ਦਸਿਆ ਹੈ ਕਿ ਇਕਾਗਰ-ਚਿਤ ਹੋਣ ਪਸਚਾਤ ਇਸ ਇਕਾਗਰਤਾ ਦੇ ਆਸਰੇ ਨਾਮ-ਧੁਨੀ ਸੁਣਾਈ ਦਿੰਦੀ ਹੈ। ਗੋਇਆ ਪਹਿਲਾਂ ਨਾਮ ਜਾਪ ਦੇ ਸਾਧਨ ਦੀ ਲੋੜ ਨਹੀਂ। ਨਾਮ ਜਾਪ ਦੀ ਸਾਧਨ-ਸਹਾਇਤਾ ਬਿਹੂਣ ਇਕਾਗਰ-ਚਿਤ ਹੋਣਾ, ਗੁਰਮਤਿ-ਆਸ਼ੇ ਤੋਂ ਉੱਕਾ ਹੀ ਪ੍ਰਤਿਕੂਲ ਹੈ। ਇਹ ਤਾ ਉਹ ਰਾਧਾ ਸੁਆਮੀਆਂ ਵਾਲੀ ਗੱਲ ਹੋਈ। ਫ਼ਰਕ ਸਿਰਫ਼ ਇਤਨਾ ਹੀ ਹੈ ਕਿ ਰਾਧਾ ਸੁਆਮੀ ਅੱਖਾਂ, ਨਾਸਾਂ, ਕੰਨਾਂ ਨੂੰ ਮੁੰਦ ਕੇ ਧੁਨੀਆਂ ਸੁਣਦੇ ਹਨ ਅਤੇ ਸਾਡੇ ਵਿਦਵਾਨ ਲਿਖਾਰੀ ਜੀ ਮਨ ਖ਼ਿਆਲ ਦੁਆਰਾ ਹੀ ਇਕਾਗਰ-ਚਿਤ ਕਰਕੇ ਨਾਮ ਧੁਨੀਆਂ ਸੁਣਦੇ ਹਨ। ਨਾਮ ਜਾਪ ਤਾਂ 'ਦੋਹਾਂ' ਤੋਂ ਹੀ ਕਿਨਾਰੇ ਤੇ ਰਹਿ ਗਿਆ। ਅਸਾਡੇ ਆਪਣੇ ਹੀ ਸਮ-ਪੰਥੀ ਮਿੱਤਰ ਲਿਖਾਰੀ ਜੀ ਦੀ ਦਲੀਲ-ਲੜੀ ਇਉਂ ਹੈ:

"ਮਨ ਦੇ ਖ਼ਿਆਲ ਨਾਲ ਇਕਾਗਰ-ਚਿਤ ਹੋਈਦਾ ਹੈ ਅਤੇ ਇਕਾਗਰਤਾ ਨਾਲ ਬਿਰਤੀ ਸੂਖਮ ਹੁੰਦੀ ਹੈ ਤੇ ਫਿਰ ਨਾਮ ਦੀ ਧੁਨੀ ਸੁਣਾਈ ਦਿੰਦੀ ਹੈ।"

ਇਹ ਦਲੀਲ ਉਨ੍ਹਾਂ ਦੀ ਮਨ-ਉਕਤ ਯੁਕਤੀ ਹੈ, ਗੁਰਮਤਿ ਸਾਧਨ ਯੁਕਤੀ ਨਹੀਂ ਅਤੇ ਨਾਮ ਜਾਪ ਦੇ ਗੁਰਮਤਿ ਹੁਕਮ ਤੋਂ ਉੱਕਾ ਹੀ ਮੁਨਹਰਫ਼ ਕਰਾਉਂਦੀ ਹੈ। ਮਨ ਦੇ ਖ਼ਿਆਲ ਨਾਲ ਚਿਤ ਦੀ ਇਕਾਗਰਤਾ ਪ੍ਰਾਪਤ ਨਹੀਂ ਹੁੰਦੀ। ਨਾ ਹੀ ਅਜਿਹੀ ਇਕਾਗਰਤਾ ਨਾਲ ਬਿਰਤੀ ਸੂਖਮ ਹੁੰਦੀ ਹੈ ਅਤੇ ਨਾ ਹੀ ਇਸ ਬਿਧ ਕੋਈ ਧੁਨੀ ਸੁਣਾਈ ਦੇ ਸਕਦੀ ਹੈ।

ਗੁਰਮਤਿ ਅਨੁਸਾਰ ਨਾਮ ਹੀ ਚਿਤ ਬਿਰਤੀਆਂ ਦੀ ਇਕਾਗਰਤਾ ਦਾ ਸਾਧਨ ਵਸੀਲਾ ਹੈ ਅਤੇ ਨਾਮ ਦੇ ਸਾਧਨ ਕਰਕੇ ਹੀ ਬਿਰਤੀਆਂ ਦੀ ਸੂਖਮਤਾ ਪ੍ਰਾਪਤ ਹੁੰਦੀ ਹੈ। ਅਤੇ ਨਾਮ ਦੀ ਅਭਿਆਸ ਕਮਾਈ ਦੇ ਪਰਤਾਪ ਹੀ ਅਨਹਦ ਧੁਨੀਆਂ ਦੀ ਆਤਮ-ਖੇਡ ਉਦੇ ਹੁੰਦੀ ਹੈ। ਮਨਾਂ ਦਾ ਮਨੋ ਮਨੀ ਖ਼ਿਆਲਿਆ ਖ਼ਿਆਲ ਸਾਧਨ ਮੂਲ ਨਹੀਂ ਹੋ ਸਕਦਾ। ਨਾ ਹੀ ਮਨ-ਮੰਨਿਆ ਕੋਈ ਖ਼ਿਆਲ ਗੁਣਕਾਰੀ ਯਾ ਲਾਭ-ਦਾਇਕ ਹੈ, ਸਗੋਂ ਨਾਮ ਬਿਹੂਣ ਜਿਤਨੇ ਭੀ ਅਵਰ ਅਨਿਕ ਪਰਕਾਰੀ ਖ਼ਿਆਲ ਹਨ, ਸੋ ਸਭ ਪ੍ਰਾਗੰਦਾ ਖ਼ਿਆਲ ਹਨ:

ਨਾਨਕ ਵਿਣੁ ਨਾਵੈ ਅਲੂਦਿਆ
ਜਿਤੀ ਹੋਰੁ ਖਿਆਲੁ ॥੩॥ (੧੦)
[ਮਾਰੂ ਵਾਰ ਮ: ੫, ਪੰਨਾ ੧੦੯੭

ਅਲੂਦੇ ਖ਼ਿਆਲਾਂ ਨੇ ਤਾਂ ਅਲੂਦਗੀ ਹੀ ਵਰਤਾਉਣੀ ਹੈ। ਨਾਮ ਤੋਂ ਬਿਨਾਂ ਜਿਤਨੇ ਭੀ ਹੋਰ ਖਿਆਲ ਹਨ, ਉਹ ਤਾਂ ਉਪਰਲੇ ਗੁਰਵਾਕ ਅਨੁਸਾਰ ਸਭ ਪ੍ਰਾਗੰਦਾ ਹੀ ਹਨ। ਇਨ੍ਹਾਂ ਤੋਂ ਆਲੂਦਗੀ ਹੀ ਉਪਜਦੀ ਹੈ। ਆਲੂਦਗੀ ਤੋਂ ਇਕਾਗਰਤਾ ਕੀ ਹੋਣੀ ਸੀ, ਸਗੋਂ ਪ੍ਰਾਗੰਦਗੀ ਹੀ ਵਿਆਪਦੀ ਹੈ। ਸਾਰੀ ਕਸਰ ਇਹੋ ਹੈ ਕਿ ਅਸੀਂ ਆਪਣੀ ਅਕਲ ਨੂੰ ਗੁਰਬਾਣੀ ਦੇ ਪਿਛੇ ਨਹੀਂ ਲਾਉਂਦੇ, ਸਗੋਂ ਉਲਟਾ ਗੁਰਬਾਣੀ ਨੂੰ ਆਪਣੀ ਅਕਲ ਦੇ ਪਿਛੇ ਲਾਉਂਦੇ ਹਾਂ।

ਇਸ ਤੱਤ ਅਸੂਲ ਤੋਂ ਉਖੜ ਕੇ, ਨਿਰੀ ਆਪਣੀ ਅਕਲ ਦੇ ਅਧੀਨ ਹੋ ਕੇ ਭਾਵੇਂ ਲਖ ਪੁਸਤਕਾਂ ਲਿਖੀ ਜਾਈਏ, ਤਿਨ੍ਹਾਂ ਤੋਂ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਨਹੀਂ ਹੋਵੇਗਾ, ਅਕਲੀ ਢਕੋਂਸਲਿਆਂ ਦਾ ਬਿਉਪਾਰ ਹੋਵੇਗਾ। ਇਕ ਜਗ੍ਹਾ ਤਾਂ ਸਾਡੇ ਫਿਲਾਸਫ਼ਰ, ਸਿਮਰਨ-ਫ਼ਿਲਾਸਫ਼ੀ ਨਿਰੂਪਣ ਕਰਦੇ ਹੋਏ ਇਉਂ ਲਿਖਦੇ ਹਨ ਕਿ:

"ਸਿਮਰਨ ਕਰਨ ਨਾਲ ਆਦਮੀ ਦੀ ਪ੍ਰੀਤੀ ਵਾਹਿਗੁਰੂ ਨਾਲ ਜੁੜਦੀ ਹੈ।"

ਪਰ ਉਸੇ ਪੰਨੇ ਵਿਚ ਸਿਮਰਨ ਦੇ ਫ਼ੁਟ ਨੋਟਾਂ ਵਿਚ ਇਉਂ ਲਿਖਦੇ ਹਨ:

"ਪ੍ਰੀਤੀ ਹੀ ਸਭ ਗੁਣਾਂ ਦਾ ਤੱਤ ਹੈ। ਸਿਮਰਨ ਤੋਤੇ ਵਰਗਾ ਰਟਣ ਨਹੀਂ। ਇਹ ਤਾਂ ਪ੍ਰੇਮ-ਪ੍ਰੀਤ ਤਾਂਘ ਦੀ ਕਾਂਗ (ਲਹਿਰ) ਹੈ, ਇਹ ਅੰਮ੍ਰਿਤ ਦੀ ਕੁੰਜੀ ਹੈ।"

ਫਿਰ ਇਸ ਦੂਜੇ ਖ਼ਿਆਲ ਦੀ ਪ੍ਰੋੜ੍ਹਤਾ ਵਿਚ ਅਗੇ ਨੇੜੇ ਜਾ ਕੇ ਹੀ ਇਉਂ ਲਿਖਦੇ ਹਨ:

"......ਸਿਮਰਨ ਵਾਸਤੇ ਸਿਰਫ਼ ਸਚੀ ਪ੍ਰੀਤੀ ਦੀ ਲੋੜ ਹੈ।...ਬਲਕਿ ਸੱਚੀ ਪ੍ਰੀਤੀ ਤੇ ਸਿਮਰਨ ਨਾਲ ਹੀ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ।" [ਚਲਦਾ

["ਗੁਰਮਤਿ ਨਾਮ-ਅਭਿਆਸ ਕਮਾਈ" ਪੁਸਤਕ ਵਿਚੋਂ



www.AKJ.Org

# ਜ਼ਿੰਦਗੀ ਤੇ ਮੌਤ

ਇਕ ਕੁਲਤਾਰਕ ਬੀਬੀ ਸ਼ਮਸ਼ੇਰ ਕੌਰ ਦੇ ਅਕਾਲ ਚਲਾਣੇ ਸਮੇਂ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਇਹ ਲੇਖ ਲਿਖਿਆ ਸੀ, ਜੋ ੨੦ ਜੁਲਾਈ ੧੯੧੦ ਦੇ ਅਖ਼ਬਾਰ 'ਪੰਜਾਬੀ' ਲੁਧਿਆਣਾ ਵਿਚ ਛਪਿਆ ਸੀ, ਜੋ ਹੁਣ "ਜੇਲ੍ਹ-ਚਿੱਠੀਆਂ" ਦੀ ਅੰਤਕਾ ਨੰ: ੨ ਵਿਚ ਦਰਜ ਹੈ। —ਸੰਪਾਦਕ

ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥
ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥
[ਗਉੜੀ ਬਾਵਨ ਅਖਰੀ, ਪੰਨਾ ੨੫੪

ਇਸ ਸੰਸਾਰ ਅਸਾਰ ਤੋ ਪੂਰਾਂ ਦੇ ਪੂਰ ਕੂਚ ਕਰ ਕੇ ਲੱਦ ਗਏ ਅਤੇ ਲੱਦੀ ਜਾਂਦੇ ਹਨ, ਪਰੰਤੂ ਮਾਇਆ ਦੀ ਮੋਹ-ਫਾਸ ਵਿਚ ਫਾਥੇ ਅਤੇ ਭਰਮ-ਜਾਲ ਦੀ ਮ੍ਰਿਗ-ਤ੍ਰਿਸ਼ਨਾ ਵਿਚ ਭਰਮ-ਭੁਲੇ ਪ੍ਰਾਣੀਆਂ ਨੂੰ ਅਜੇ ਪਤੀਜ ਨਹੀਂ ਆਉਂਦੀ ਕਿ ਅਸੀਂ ਭੀ ਸਚਮੁਚ ਲੱਦ ਜਾਣਾ ਹੈ। ਸਮੀਪੀਆਂ ਤੋਂ ਸਮੀਪੀ ਅਤੇ ਪਿਆਰਿਆਂ ਤੋਂ ਪਿਆਰੇ ਸਜਨ ਅੱਖੀਂ ਦੇਖਦਿਆਂ ਕੇਤੇ ਹੀ ਚਲ ਗਏ ਅਤੇ ਦਲਾਣਾ ਕਰੀ ਚਲੇ ਜਾ ਰਹੇ ਹਨ, ਪਰ ਪਿਛੇ ਰਹਿ ਗਿਆ ਸਾਥ ਅਜੇ ਇਹੋ ਮੰਨੀ ਬੈਠਾ ਹੈ ਕਿ ਅਸੀਂ ਕਦੇ ਨਹੀਂ ਚਲਣਾ, ਇਹ ਕੂੜਾਵੀ ਆਸਾ ਬੰਨ੍ਹੀ ਬੈਠਾ ਹੈ ਕਿ ਅਸੀਂ ਇਸ ਜਗ ਉਤੇ ਅਸਥਿਰ ਰਹਿਣਾ ਹੈ। ਕਾਲ ਦਾ ਨਗਾਰਾ ਚਾਹੇ ਸਭਨਾਂ ਦੇ ਸਿਰ ਤੇ ਕੂਕ ਰਿਹਾ ਹੈ ਪਰ ਹਰ ਕੋਈ ਥਾਉਂ ਥਾਈਂ ਇਹੋ ਮਿਣੀ ਮਿਥੀ ਬੈਠਾ ਹੈ ਕਿ ਨਗਾਰਾ ਮੇਰੇ ਲਈ ਨਹੀਂ, ਹੋਰਨਾਂ ਲਈ ਹੈ।

ਕਈ ਤਾਂ ਮੂਲੋਂ ਹੀ ਇਸ ਗੱਲ ਵਲੋਂ ਗਾਫਲ ਹੋ ਰਹੇ ਹਨ ਕਿ ਇਕ ਦਿਨ ਅਸੀਂ ਭੀ ਕਾਲ ਅਹੇਰੀ ਦੇ ਸ਼ਿਕਾਰ ਬਣਨਾ ਹੈ ਅਤੇ ਕਈ ਜਾਣ ਬੁਝ ਕੇ ਘੇਸਲੇ ਹੋ ਰਹੇ ਹਨ ਅਤੇ ਕਾਲ ਨੂੰ ਚੇਤੇ ਕਰਨਾ ਹੀ ਮਾਨੋ ਖੇਦ ਵਿਚ ਪੈਣਾ ਸਮਝਦੇ ਹਨ ਤੇ ਖ਼ਿਆਲ ਕਰਦੇ ਹਨ ਕਿ ਜਦੋਂ ਮਰਨਾ ਹੋਊ ਤਦੋਂ ਆਪੇ ਮੌਤ ਆ ਜਾਊ। ਓਦੂੰ ਪਹਿਲਾਂ ਮੌਤ ਨੂੰ ਚੇਤੇ ਕਰਕੇ ਐਵੇਂ (ਅਣਿਆਈ) ਮੌਤ ਨੂੰ ਮੁਲ ਲੈਣਾ ਹੈ। ਜੁਆਨੀ ਦੇ ਦਿਨਾਂ ਦੇ ਲਹਿਰੇ ਲੁਟ ਲਵੋ ਅਤੇ ਜੀਉਂਦੇ-ਜੀ ਮੌਜਾਂ ਮਾਣ ਲਵੋ। ਮਰਨ-ਪਹਿਰਾ ਜਦੋਂ ਆਇਆ ਤਦੋਂ ਆਪੇ ਦੇਖੀ ਜਾਊ। ਹੁਣ ਕਿਹੜਾ ਸਾਰੀ ਵਿਹਾ ਗਈ ਹੈ। ਪਰ ਇਹ ਪਤਾ ਨਹੀਂ ਕਿ 'ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ'* ਅਤੇ ਨਾ ਹੀ ਇਹ ਖ਼ਬਰ ਹੈ ਕਿ 'ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ'†। ਦਮ ਦਾ ਕੀ ਭਰੋਸਾ ਹੈ, ਸਾਹ ਆਇਆ ਕਿ ਨ ਆਇਆ। ਮੌਤ ਦਾ ਇਹ ਕੋਈ ਬੰਧੇਜ ਨਹੀਂ ਕਿ ਬਿਰਧ ਅਵਸਥਾ ਅਰਥਾਤ ਬੁਢੇਪੇ ਵਿਖੇ ਹੀ ਆਵੇ। ਕਈ ਚੜ੍ਹਦੀ ਜੁਆਨੀ ਵਿਚ ਹੀ ਚੜ੍ਹ ਜਾਂਦੇ ਹਨ। ਕਈਆਂ ਉਤੇ ਜੁਆਨੀ ਦਾ ਜੋਬਨ ਹੀ ਨਹੀਂ ਆਉਣਾ ਪਾਉਂਦਾ ਕਿ ਬਾਲ ਅਵਸਥਾ ਵਿਖੇ ਹੀ ਕੂਚ ਕਰ ਜਾਂਦੇ ਹਨ।

ਜਦ ਨਿਤਾਪ੍ਰਤਿ ਮੌਤ ਦੇ ਅਜਿਹੇ ਘਾਤ ਪਰਤਖ ਦੇਖਣ ਅੰਦਰ ਆਉਂਦੇ ਹਨ ਤਦ ਹੋਰ ਜੀਵਨੇ ਦੀ ਆਸਾ ਕੈਸੀ? ਅਤੇ ਲੰਮੀ ਆਰਜਾ ਦੀ ਲਾਲਸਾ ਕਿਹੀ? ਅਤੇ ਅਜਿਹੀ ਕੂੜਾਵੀ ਆਸਾ ਅਤੇ ਤ੍ਰਿਸ਼ਨਾ ਅੰਦਰ ਦਿਨ ਕਟੇ ਕਿਸ ਲੇਖੇ। ਮੌਤ ਤੋਂ ਗਾਫ਼ਲ ਹੋ ਕੇ ਜੀਵਨ ਬਤੀਤ ਕਰਨਾ ਅਤੇ ਲੰਮਾ ਜੀਵਨ ਲੋੜਨਾ ਪਾਪ ਦੇ ਪੰਨੇ ਵਿਚ ਪੈਣਾ ਹੈ। ਕਾਲ ਨੂੰ ਸਦਾ ਸਿਰ ਤੇ ਜਾਣ ਕੇ 'ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ'‡ ਦੇ ਗੁਰਵਾਕ ਦੇ ਭਾਵ ਅਨੁਸਾਰ ਜੀਵਨ ਬਤੀਤ ਕਰਨਾ ਕਾਲ ਤੋਂ ਡਰਨਾ ਨਹੀਂ, ਕਿੰਤੂ ਪਾਪਾਂ ਕੋਲੋਂ ਪਾਪ ਕਰਨੋਂ ਕੰਬਣਾ ਹੈ। ਅਤੇ ਇਸ ਸਦੀਵੀ ਭੈਭੀਤ ਦਸ਼ਾ ਅੰਦਰ ਵਰਤ ਕੇ ਆਪਣੀ ਆਯੂ ਨੂੰ ਸੰਵਾਰਨਾ ਅਤੇ ਮਨੁਖ ਜਾਮੇ ਦੀ ਜੀਵਨ-ਯਾਤਰਾ ਨੂੰ ਸਫਲ ਕਰਨਾ ਹੈ,

*ਵਾਰ ਸਾਰੰਗ, ਸਲੋਕ ਮ: ੧, ਪੰਨਾ ੧੨੪੪
†ਧਨਾਸਰੀ ਮ: ੧, ਪੰਨਾ ੬੬੦
‡ਸਿਰੀਰਾਗੁ ਮ: ੧, ਪੰਨਾ ੬੧



www.AKJ.Org

ਅਤੇ ਇਸ ਬਿਧ ਜੀਵ ਕੇ ਅੰਤ ਨੂੰ ਮਰਨ ਕਾਲ ਦਾ ਤਰਾਸ ਮਨ ਤੋਂ ਨਿਵਾਰ ਦੇਣਾ ਹੈ। ਇਸ ਦਸ਼ਾ ਅੰਦਰ ਆਈ ਮੌਤ ਨਹੀਂ, ਜੀਵਨ-ਮੋਕਸ਼ ਹੈ।

## ਅਕਾਲ ਚਲਾਣਾ ਕੀ ਹੈ?

ਕਾਲ ਦੇ ਭੈ ਤੋਂ ਨਿਰਭੈ ਹੋਈਵੀ ਬਿਵਸਥਾ ਅੰਦਰ ਚਲਾਣਾ ਕਰਨਾ ਕਾਲ ਅਥਵਾ ਮੌਤ-ਚਲਾਣਾ ਨਹੀਂ; ਕਿੰਤੂ ਅਕਾਲ ਚਲਾਣਾ ਹੈ। ਇਸ ਬਿਧ ਮਰਜੀਵੜੇ ਹੋ ਕੇ ਮਰਨਾ ਮੌਤ ਵਾਲਾ ਧਰਮ ਨਹੀਂ, ਮਰਨ ਨੂੰ ਸਵਾਰਨਾ ਹੈ। ਧੰਨ ਹਨ ਜਨਮ ਤਿਨ੍ਹਾਂ ਪ੍ਰਾਣੀਆਂ ਦੇ, ਜਿਨ੍ਹਾਂ ਨੇ ਇਸ ਬਿਧ ਮਰ ਕੇ ਆਪਣੇ ਮਰਨ ਨੂੰ ਸੰਵਾਰਿਆ—"ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ"* ਗੁਰਵਾਕ ਦੇ ਭਾਵ ਅਨੁਸਾਰ ਜਿਨ੍ਹਾਂ ਨੇ ਆਪਣੀ ਸੰਸਾਰ-ਯਾਤਰਾ ਨੂੰ ਪੂਰਾ ਕੀਤਾ ਹੈ। ਅਜਿਹੇ ਪਵਿਤਰ ਜੀਵਨ ਵਾਲੀਆਂ ਰੂਹਾਂ ਦੇ ਅਕਾਲ ਚਲਾਣੇ ਗੁਰੂ ਘਰ ਵਿਖੇ ਅਸੀਂ ਆਏ ਦਿਨ ਹੁੰਦੇ ਸੁਣਦੇ ਹਾਂ, ਪਰ ਤਿਨ੍ਹਾਂ ਪਵਿੱਤਰ ਜਿੰਦੜੀਆਂ ਦੇ ਪੂਰਨਿਆਂ ਉਤੇ ਚਲਣ ਦਾ ਚਾਉ ਭੀ ਕਦੇ ਅਸਾਡੇ ਚਿਤਾਂ ਅੰਦਰ ਉਠਿਆ ਹੈ? ਜੇ ਨਹੀਂ ਉਠਿਆ ਤਾਂ ਸਮਝ ਲਵੋ ਅਜੇ ਅਸਾਡੇ ਆਤਮਾ ਅੰਦਰ ਧਰਮ ਦੀ ਉਹ ਅੰਸ ਉਤਪੰਨ ਨਹੀਂ ਹੋਈ ਜਿਸ ਨੇ ਅਸਾਡੇ ਪਰਮਾਰਥ ਸਬੰਧੀ ਪੰਥਕ ਜੀਵਨ ਨੂੰ ਸੁਰਜੀਤ ਕਰਨਾ ਹੈ। ਨਹੀਂ ਤਾਂ ਪਵਿੱਤਰ ਪੂਰਨਿਆਂ ਉਤੇ ਚਲਣ ਲਈ ਅਸਾਡੇ ਪੰਥਕ ਇਤਿਹਾਸ ਪ੍ਰਾਚੀਨ ਪਵਿਤਰ ਜੀਵਨਾਂ ਸੇਤੀ ਪੁਰੋ-ਪੁਰ ਪੂਰਤ ਪਏ ਹਨ। ਇਸ ਵਰਤਮਾਨ ਕਾਲ ਅੰਦਰ ਭੀ ਅਸਾਡੀਆਂ ਅੱਖੀਆਂ ਦੇ ਸਾਹਮਣੇ ਅਕਾਲ ਚਲਾਣਾ ਕਰਨ ਵਾਲੇ ਗੁਰਮੁਖ ਜੀਵਨ ਅਸਾਡੀ ਆਤਮਕ ਉਨਤੀ ਲਈ ਅਨਿਕ ਪ੍ਰਕਾਰ ਪਰੇਰਕ ਹੋ ਰਹੇ ਹਨ। ਪਰ ਅਸੀਂ ਹਾਂ ਕਿ ਅੱਖ ਨਹੀਂ ਉਘੇਰਦੇ, ਅਸੀਂ ਹਾਂ ਕਿ ਪਾਸਾ ਨਹੀਂ ਪਰਤਦੇ। ਨਾ ਸਾਨੂੰ ਕਾਲ ਦਾ ਭੈ ਹੀ ਪੋਂਹਦਾ ਹੈ ਅਤੇ ਨਾਹੀਂ ਅਕਾਲ ਚਲਾਣਾ ਕਰ ਗਈ ਰੂਹ ਦੀ ਰੀਸ ਹੀ ਅਸਾਂ ਨੂੰ ਉਪਜਦੀ ਹੈ।

*ਮਾਰੂ ਮ: ੫, ਪੰਨਾ ੧੦੦੦

## ਇਕ ਪਵਿਤਰ ਆਤਮਾ ਬੀਬੀ ਦਾ ਅਕਾਲ ਚਲਾਣਾ

ਅਜ ਇਕ ਉਸ ਪਵਿਤਰ ਆਤਮਾ ਬੀਬੀ ਦੇ ਅਕਾਲ ਚਲਾਣੇ ਦੀ ਕਥਾ ਆਪ ਨੂੰ ਸੁਣਾਵੰਦੇ ਹਾਂ, ਜਿਸ ਦੀ ਅਲਪ ਕਾਲ ਦੀ ਜੀਵਨ-ਯਾਤ੍ਰਾ ਦਾ ਬ੍ਰਿਤਾਂਤ ਜੇ ਇਤਿਹਾਸ ਦੀ ਲੜੀ ਵਿਚ ਪਰੋਤਾ ਜਾਵੇ ਤਾਂ ਇਸਤ੍ਰੀ ਜਾਮੇ ਦੀ ਆਉਂਦੀ ਪੰਥ-ਪਨੀਰੀ ਲਈ ਸੁਭ ਸਿਖਿਆ ਮਈ ਇਕ ਪਰਮ ਪਵਿੱਤਰ ਪਾਰਸ ਦਾ ਅਸਰ ਰਖ ਸਕਦਾ ਹੈ। ਐਥੇ ਅਸੀਂ ਸੰਖੇਪ ਮਾਤਰ ਉਕਤ ਬੀਬੀ ਜੀ ਦੀ ਅਲਪ ਆਰਬਲਾ ਦੇ ਜੀਵਨ ਦਾ ਕੁਛ ਤੁਛ ਸਮਾਚਾਰ ਵਰਨਣ ਕਰਦੇ ਹਾਂ।

ਇਹ ਸੁਭਾਗ ਬੀਬੀ ਸ: ਬਖ਼ਤਾਵਰ ਸਿੰਘ ਜੀ ਰਈਸ ਧਮੋਟ ਰਿਆਸਤ ਪਟਿਆਲਾ ਦੇ ਗ੍ਰਿਹਿ ਵਿਖੇ ਪਰਗਟ ਹੋਈ ਸੀ। ਪ੍ਰਿਥਮ ਨਾਮ ਇਸ ਬੀਬੀ ਜੀ ਦਾ ਜਗਤ ਪ੍ਰਕਾਸ਼ ਕੌਰ ਸੀ। ਫੇਰ ਅੰਮ੍ਰਿਤ ਪਾਨ ਕੀਤੇ ਪਸਚਾਤ ਬੀਬੀ ਜੀ ਦਾ ਨਾਮ ਬੀਬੀ ਸ਼ਮਸ਼ੇਰ ਕੌਰ ਪਰਸਿੱਧ ਹੋਇਆ। ਜਨਮ ਕਾਲ ਤੋਂ ਹੀ ਇਸ ਬੀਬੀ ਦਾ ਸੁਭਾਵ ਅਤੀ ਸੁਸ਼ੀਲ ਅਤੇ ਸਤੋਗੁਣੀ ਸੀ।

ਆਪਣੀ ਬਾਲ ਅਵਸਥਾ ਵਿਖੇ ਹੀ ਬੀਬੀ ਜੀ ਦੇ ਇਸ ਸਤੋਗੁਣੀ ਸੀਲ ਸੁਭਾਵ ਨੇ ਓਹ ਜੌਹਰ ਦਿਖਾਏ ਕਿ ਜਿਸ ਨੂੰ ਦੇਖ ਕੇ ਬਿਰਧ ਆਯੂ ਵਾਲੇ ਬੀਬੀ ਜੀ ਦੇ ਕਈ ਸੰਸਾਰਕ ਬਜ਼ੁਰਗ ਸਨਬੰਧੀ ਭੀ ਮੁੱਤਾਸਰ ਹੋ ਕੇ ਉਤਮ ਸਿਖਿਆ ਲੈਂਦੇ ਸਨ। ਬੀਬੀ ਜੀ ਦੀ ਬਾਰਕ ਅਵਸਥਾ ਦੇ ਜੀਅ-ਦਇਆ ਵਾਲੇ ਸੁਭ ਗੁਣਾਂ ਤੋਂ ਬੀਬੀ ਜੀ ਦੇ ਕਈ ਸਨਬੰਧੀਆਂ ਅਤੇ ਬਜ਼ੁਰਗਾਂ ਨੇ ਜੀਵ-ਰਖਿਆ ਕਰਨ ਦਾ ਸਬਕ ਸਿਖਿਆ ਅਤੇ ਕਈਆਂ ਨੇ ਜੀਆ-ਘਾਤ ਕਰਨ ਦੇ ਅਵਗੁਣ ਦਾ ਪਰੀਤਿਆਗ ਕੀਤਾ। ਬੀਬੀ-ਜੀ ਦੇ ਕੁਦਰਤੀ ਸੁਭਾਵ, ਅੰਦਰ ਕੁੱਟ ਕੁੱਟ ਕੇ ਭਰੀ ਹੋਈ ਧਰਮ ਪੂਰਤ ਸਚਿਆਈ ਨੇ ਕਈਆਂ ਨੂੰ ਕੂੜ ਬੋਲ ਮੁਰਦਾਰ ਖਾਣੋਂ ਹਟਾਇਆ। ਬੀਬੀ ਜੀ ਦੇ ਉਪਕਾਰ ਭਿੰਨੇ ਆਤਮਾ ਦੇ ਨੇਕ ਨਮੂਨੇ ਨੇ ਕਈ ਉਪਦਰੀ ਪੁਰਸ਼ਾਂ ਨੂੰ ਬੁਰੇ ਦਾ ਭਲਾ ਕਰਨ ਸਿਖਾਇਆ। ਅਤੇ ਪਰਾਈ ਤਾਤ (ਨਿੰਦਾ) ਅਤੇ ਬਖ਼ੀਲੀ ਵਲੋਂ



www.AKJ.Org

ਹਟਾ ਕੇ ਪਰ-ਸੁਆਰਥ ਵਲ ਲਗਾਇਆ ।

ਬੀਬੀ ਜੀ ਦੇ ਪਾਸ ਬੈਠਿਆਂ ਮਜਾਲ ਹੈ ਕਿ ਕੋਈ ਕਿਸੇ ਨੂੰ ਮੰਦਾ ਬੋਲ ਜਾਏ । ਬੀਬੀ ਜੀ ਦੇ ਨਿਕੇ ਹੁੰਦਿਆਂ ਤੋਂ ਹੀ ਮਜਾਲ ਹੈ ਕਿਸੇ ਦੀ ਕਿ ਕੋਈ ਕੁਸੰਗ ਭਰੀ ਆਚਾਰੋਂ ਊਰੀ ਨਿਖੜਮੀ ਗੱਲ ਮੁਖੋਂ ਆਖ ਸਕੇ । ਇਹ ਸੋਟੇ ਦੇ ਜ਼ੋਰ ਨਹੀਂ, ਧਮਕੀ ਵਾ ਝਿੜਕੇ ਦੇ ਤਾਣ ਨਹੀਂ । ਉਚਾ ਬੋਲ ਬੋਲਣਾ ਅਥਵਾ ਕਿਸੇ ਨੂੰ ਕਹਿ ਕੇ ਮਲੋ-ਮੱਲੀ ਸਮਝਾਉਣ ਵਾਲੀ ਤਾਂ ਬੀਬੀ ਜੀ ਦੀ ਵਾਦੀ ਹੀ ਨਹੀਂ ਸੀ। ਇਹ ਤਾਂ ਬੀਬੀ ਜੀ ਦੇ ਸ਼ੁਭ ਗੁਣਾਂ ਪੂਰਤ ਜਥ੍ਹੇ ਅਤੇ ਸੁਭਾਵ ਦਾ ਹੀ ਪਰਭਾਵ ਸੀ ਕਿ ਜਿਸ ਦੇ ਪਰਤਵ ਪਰਤਾਪ ਕਰਕੇ ਕੀ ਛੋਟਾ ਵੱਡਾ ਸਭਨਾਂ ਦੇ ਚਿਤਾਂ ਉਤੇ ਇਕ ਚੁੰਬਕ ਸ਼ਕਤੀ ਵਾਲਾ ਅਸਰ ਪੈ ਜਾਂਦਾ ਸੀ । ਜਿਸ ਦੇ ਪ੍ਰਭਾਵ ਦੇ ਕਾਰਨ ਉਨ੍ਹਾਂ ਵਿਚ ਏਤਨੀ ਤਾਬ ਨਹੀਂ ਰਹਿੰਦੀ ਸੀ ਕਿ ਕੋਈ ਕਸੂਤੀ ਹਰਕਤ ਕਰ ਸਕਣ ।

ਇਕ ਸਰਦਾਰ ਅਤੇ ਰਈਸ ਘਰਾਣੇ ਵਿਚ ਜਨਮ ਲੈਣ ਕਰਿ ਬੀਬੀ ਜੀ ਦੇ ਸੁਭਾਵ ਅੰਦਰ ਆਨ ਰਈਸ ਘਰਾਣੇ ਦੇ ਵਡਿਫੂਲ ਬਾਲਕਾਂ ਵਤ ਕੋਈ ਰਾਜਸੀ ਵਡਿਆਈ ਵਾਲਾ ਖ਼ਿਆਲ ਰੰਚਕ ਮਾਤਰ ਨਹੀਂ ਸੀ । ਨਾ ਹੀ ਇਸ ਗੱਲ ਦਾ ਕੋਈ ਗਰਬ ਗੁਮਾਨ ਕਿੰਚਤ ਮਾਤਰ ਕਦੇ ਬੀਬੀ ਜੀ ਦੇ ਚਿਤ ਅੰਦਰ ਫੁਰਿਆ ਸੀ ਕਿ ਗੁਆਂਢੀ ਨਿਰਧਨ ਲੋਕਾਂ ਦੀਆਂ ਬਾਲਕੀਆਂ ਨਾਲੋਂ ਮੈਨੂੰ ਵਧੀਕ ਮਾਇਕ ਪਦਾਰਥਾਂ, ਸੰਸਾਰਕ ਸੁਖਾਂ ਦੀ ਵਧੀਕ ਪ੍ਰਾਪਤੀ ਹੈ । ਸਗੋਂ ਸਰਬ ਸੁਖਾਂ ਅਤੇ ਪਦਾਰਥਾਂ ਦੇ ਪ੍ਰਾਪਤ ਹੁੰਦਿਆਂ ਭੀ ਚਿਤ ਬਿਰਤੀ ਉਕਤ ਅਡੰਬਰਾਂ ਤੋਂ ਅਲੇਪ ਰਹਿੰਦੀ ਸੀ । ਅਜਿਹਾ ਸਰਲ ਸੁਭਾਵ ਕਿ ਮਾਨੋਂ ਸੰਸਾਰਕ ਵਡਿਆਈ ਦਾ ਸਕਲਪ ਕਦੇ ਚਿਤ ਨੂੰ ਪੋਹਿਆ ਹੀ ਨਹੀਂ । ਛੋਟੀ ਜਿਹੀ ਅਵਸਥਾ ਵਿਚ ਹੀ ਬੀਬੀ ਹੋਰੀਂ ਗੁਰਮੁਖੀ ਵਿਦਿਆ ਵਿਚ ਅਜਿਹੇ ਨਿਪੁੰਨ ਹੋ ਗਏ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੱਧ ਅਤੇ ਅਖੰਡਪਾਠ ਕਰ ਸਕਣ ਤੋਂ ਬਿਨਾਂ ਬੀਬੀ ਜੀ ਗੁਰਬਾਣੀ ਦੇ ਗੂੜ੍ਹ ਭਾਵ ਨੂੰ ਭੀ ਭਲੀ ਬਿਧ ਅਨਭਵ ਕਰਦੇ ਸਨ । ਗੁਰਵਾਕਾਂ ਦੀ ਵਿਆਖਿਆ ਅਤੇ ਗੁਰ-ਆਸ਼ੇ ਦੇ ਵਿਸਥਾਰ ਦੀ ਪੂਰਨ ਗਿਆਤ ਬੀਬੀ ਜੀ ਨੂੰ ਘਰ ਬੈਠਿਆਂ ਆਪਣੇ ਹੁਦਰੋਂ ਨਿਜ ਵਿਚਾਰ ਦੁਆਰਾ ਹੀ ਹੋ ਗਈ ਸੀ । ਇਸ ਬਿਧ ਅਮਰੋਂ ਪ੍ਰਾਪਤ ਹੋਏ ਅਮਰ ਪਦਾਰਥ ਨੂੰ ਬੀਬੀ ਜੀ ਨੇ ਕੱਲ-ਖੋਰੇ ਹੋ ਕੇ ਨਹੀਂ ਭੁੰਚਿਆ, ਕਿੰਤੂ ਆਪਣੀਆਂ ਛੋਟੀਆਂ ਵੱਡੀਆਂ ਭੈਣਾਂ ਵਿਖੇ, ਜਿਥੇ ਤਕ ਵਾਹ ਲਗੀ, ਵੰਡ ਕੇ ਛਕਿਆ । ਧਮੋਟ ਨਗਰ ਦੀਆਂ ਕਈ ਬਾਲਕੀਆਂ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੀ ਪਵਿਤਰ ਬਾਣੀ ਦੇ ਸੰਪੂਰਨ ਪਾਠ ਕਰਾਏ । ਕਈਆਂ ਨੂੰ ਗੁਰਮਤਿ ਸਿਖਿਆ ਦਿੱਤੀ । ਗਰੀਬ ਘਰਾਣੇ ਦੀਆਂ ਕਈ ਅਨਾਥ ਲੜਕੀਆਂ ਨੂੰ ਕਈ ਕਈ ਮਹੀਨੇ ਅਤੇ ਦੋ ਦੋ ਤਿੰਨ ਤਿੰਨ ਸਾਲ ਆਪਣੇ ਪਾਸ ਰਖ ਕੇ ਲਿਖਾਇਆ ਪੜ੍ਹਾਇਆ ਅਤੇ ਆਪਣੀ ਉਦਾਰਤਾ ਦੁਆਰਾ ਆਪਣੇ ਪਿਤਾ ਦੇ ਗ੍ਰਿਹਿ ਵਿਚੋਂ ਹੀ ਉਨ੍ਹਾਂ ਦੀ ਸਰਬ ਪਰਕਾਰ ਦੀ ਪਾਲਣਾ ਪੋਸਣਾ ਕਰਾਈ । ਵਾਧਾ ਇਹ ਕਿ ਪਰ-ਸੁਆਰਥ ਹਿਤ ਇਤਨੀਆਂ ਚੰਗਿਆਈਆਂ ਅਤੇ ਏਤਨੇ ਉਪਕਾਰ ਕਰ ਕੇ ਭੀ ਆਪਾ ਭਾਵ ਨਹੀਂ ਜਣਾਇਆ, ਇਹ ਸਭ ਬੀਬੀ ਜੀ ਦੀ ਕੰਵਾਰ ਅਵਸਥਾ ਦੇ ਹੀ ਕਉਤਕ ਹਨ ।

ਗੁਰਮੁਖੀ ਵਿਚ ਲੇਖ ਲਿਖਣ ਦੀ ਭੀ ਮੁਹਾਰਤ ਬੀਬੀ ਜੀ ਨੂੰ ਪ੍ਰਾਪਤ ਸੀ । ਪੱਤਰ ਬਿਵਹਾਰ ਕਰਨ ਲਗਿਆਂ ਬੀਬੀ ਜੀ ਦੀ ਲੇਖਣੀ ਦੇ ਸਾਧਾਰਨ ਵੇਗ ਵਿਚੋਂ ਸਰੇਸ਼ਟਾਚਾਰ ਦੇ ਸੂਚਨ ਕਰਨਹਾਰੇ ਅਤੀਅੰਤ ਸੁੰਦਰ ਅਤੇ ਅਦਭੁਤ ਲੇਖ ਅੰਕਤ ਹੋਣੇ । ਲਿਖਤ ਦਾ ਵੇਗ ਅਜਿਹਾ ਸੁਗਮ ਅਤੇ ਸਫ਼ ਕਿ ਵਰਤਮਾਨ ਗੁਰਮੁਖੀ ਲਿਟਰੇਚਰ ਦੇ ਧਨੀ ਭੀ ਦੇਖ ਕੇ ਦੰਗ ਰਹਿ ਜਾਣ । ਬੀਬੀ ਜੀ ਦੇ ਆਪਣੀਆਂ ਸਖੀਆਂ ਸਹੇਲੀਆਂ ਅਤੇ ਸਹੋਦਰ ਵੀਰਾਂ ਦੇ ਨਿਕਟ ਸਨ-ਬੰਧੀਆਂ ਪ੍ਰਤੀ ਲਿਖ ਕੇ ਪਠਾਏ ਹੋਏ ਪਤਰਾਂ ਦੇ ਉਚ ਭਾਵ ਦੀ ਮਹਿਮਾ ਅਤੇ ਸ਼ਲਾਘਾ ਕਰਨ ਕਹਿਣ ਤੋਂ ਬਾਹਰ ਹੈ । ਬਸ, ਉਨ੍ਹਾਂ ਪੱਤਰਾਂ ਦੀ ਕਦਰ ਦਾ ਨਿਰਭਰ ਉਨ੍ਹਾਂ ਦੇ ਦੇਖਣ ਤੇ ਪੜ੍ਹ ਕੇ ਵਾਚਣ ਪਰ ਹੀ ਹੈ । ਸੰਸਕ੍ਰਿਤ ਅਤੇ ਉਰਦੂ ਭਾਸ਼ਾ ਤੋਂ ਭੀ ਬੜਾ ਖ਼ਾਸਾ ਬੋਧ ਬੀਬੀ ਜੀ ਨੂੰ ਪ੍ਰਾਪਤ ਸੀ । ਬੀਬੀ ਜੀ ਦੇ



www.AKJ.Org

ਗੁਰਮਤਿ ਧਰਮ ਸਬੰਧੀ ਪਰਪੱਕ ਨਿਸਚੇ ਅਤੇ ਦ੍ਰਿੜ੍ਹ ਭਰੋਸੇ ਦੀ ਸਾਖਾ ਉਨ੍ਹਾਂ ਦੀ ਆਪਣੀ ਕਲਮ ਤੋਂ ਪ੍ਰਕਾਸ਼ਤ ਹੋਏ ਲੇਖ ਭਲੀ ਬਿਧ ਭਰ ਰਹੇ ਹਨ।

ਬੀਬੀ ਜੀ ਨੇ ਇਸਤ੍ਰੀ-ਸੁਧਾਰ ਦੇ ਕਈ ਪੁਸਤਕ ਰਚ ਕੇ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਛਪਵਾ ਕੇ ਮੁਫ਼ਤ ਵੰਡੇ। ਪੰਥਕ ਅਖ਼ਬਾਰਾਂ ਦੁਆਰਾ ਭੀ ਇਸਤ੍ਰੀ-ਸਿਖਿਆ ਤੇ ਅਤਿਅੰਤ ਸੁੰਦਰ ਲੇਖ ਬੀਬੀ ਜੀ ਵਲੋਂ ਸਿਲਸਿਲੇਵਾਰ ਨਿਕਲਦੇ ਰਹੇ ਹਨ। ਪਰੰਤੂ ਵਾਧਾ ਇਹ ਕਿ ਆਪਾ ਭਾਵ ਨਾ ਜਣਾਉਣ ਹਿਤ ਆਪਣਾ ਨਾਮ ਪਰਗਟ ਕਰਨੋਂ ਸਦਾ ਹੀ ਸੰਕੋਚਦੇ ਰਹੇ ਹਨ। ਪੰਥਕ ਆਸ਼ਰਮਾਂ ਦੇ ਬੀਬੀ ਜੀ ਪੂਰਨ ਪ੍ਰੇਮੀ ਅਤੇ ਗੁਝੇ ਸਹਾਇਕ ਸਨ। ਕੰਨਯਾ ਮਹਾਂ ਵਿਦਯਾਲਾ ਫ਼ੀਰੋਜ਼ਪੁਰ ਦੇ ਨਾਲ ਤਾਂ ਬੀਬੀ ਜੀ ਦਾ ਖ਼ਾਸ ਅਤੇ ਵਿਸ਼ੇਸ਼ ਪ੍ਰੇਮ ਸੀ। ਮਾਇਕ ਸਹਾਇਤਾ ਦੇ ਤਕੜੇ ਗੁਝੇ ਗਫੇ ਆਪਣੀ ਵਲੋਂ ਭੇਜਦੇ ਰਹਿੰਦੇ ਸਨ ਅਤੇ ਹੋਰਨਾਂ ਤੋਂ ਪਰੇਰ ਕੇ ਭਿਜਵਾਇਆ ਕਰਦੇ ਸਨ।

ਆਪਣੀ ਕੰਵਾਰ ਅਵਸਥਾ ਵਿਖੇ ਬੀਬੀ ਜੀ ਦੀ ਆਤਮਿਕ ਬਿਵਸਥਾ ਉਚ ਦਰਜੇ ਨੂੰ ਪਹੁੰਚ ਕੇ ਪਰਪੱਕ ਹੋ ਚੁਕੀ ਸੀ। ਓੜਕ ਬੀਬੀ ਜੀ ਦੀ ਮਨ ਮੰਨੀ ਭਾਵਨਾ ਦੇ ਅਨਸਾਰ ਓਹ ਦਿਹਾੜਾ ਭੀ ਆ ਗਿਆ ਕਿ ਬੀਬੀ ਜੀ ਦਾ ਅਨੰਦ ਬਿਵਾਹ ਪੂਰਨ ਉਤਸ਼ਾਹ ਸਹਿਤ ਗੁਰਮਤਿ ਆਸ਼ੇ ਦੇ ਅਨੁਕੂਲ ਗੁਰੂ ਘਰ ਦੇ ਇਕ ਨੇਹਿਹਾਲ ਸਰਦਾਰ ਮੰਗਲ ਸਿੰਘ ਰਈਸ ਕੋਟ ਸ਼ੇਰਾ ਜ਼ਿਲਾ (ਗੁਜਰਾਂਵਾਲਾ) ਦੇ ਨਾਲ ਹੋਇਆ। ਸਹੁਰੇ ਘਰ ਜਾ ਕੇ ਬੀਬੀ ਜੀ ਨੇ ਸਤਿਸੰਗ ਦਾ ਉਹ ਪਰਵਾਹ ਚਲਾਇਆ ਕਿ ਜਿਸ ਤੋਂ ਸੰਤੁਸ਼ਟ ਹੋਏਵੇ ਬੀਬੀ ਜੀ ਦੇ ਵਿਜੋਗੀ ਸਤਿਸੰਗੀ ਅਤੇ ਨਿਕਟੀ ਸਨਬੰਧੀ ਸਦਾ ਲਈ ਸੁਰਜੀਤ ਰਹਿਣਗੇ। ਪੇਵਕੜੇ ਅਤੇ ਸਾਹੁਰੇ ਗ੍ਰਿਹਿ ਦੇ ਸਰਬ ਹੀ ਸਨਬੰਧੀਆਂ ਦੇ ਰੋਮ ਰੋਮ ਅੰਦਰ ਬੀਬੀ ਦੀ ਰੂਹ ਦੇ ਸਤਿਸੰਗ ਦਾ ਸੰਜੋਗ ਤਾਂ ਸਦੀਵ ਲਈ ਬਣਿਆ ਰਹੇਗਾ। ਨਹੀਂ ਹੋਣਾ, ਬੀਬੀ ਜੀ ਦੇ ਪਵਿੱਤਰ ਪਰਉਪਕਾਰੀ ਹੰਸ (ਆਤਮਾ) ਅਤੇ ਕਾਇਆਂ ਦੇ ਸੰਜੋਗ ਵਾਲੇ ਗੁਰਮੁਖ ਜਾਮੇ ਦੇ ਦਰਸ਼ਨਾ ਨੇ ਨਹੀਂ ਹੋਣਾ। ਇਸ ਵਿਜੋਗ ਦੇ ਸੱਲ ਨੇ ਵਿਜੋਗੀਆਂ ਨੂੰ ਬਿਹਬਲ ਕਰ ਕੇ ਸਦਾ ਲਈ ਨਿਰਾਸਤਾ ਦਾ ਦਰਸ਼ਨ ਦਿਖਾਉਣਾ ਹੈ। ਪਰ ਨਹੀਂ, ਇਹ ਨਿਰਾਸਤਾ ਉਨ੍ਹਾਂ ਲਈ ਨਹੀਂ ਜੋ ਬੀਬੀ ਜੀ ਦੇ ਪੂਰਨਿਆਂ ਉਤੇ ਚਲ ਕੇ ਬੀਬੀ ਜੀ ਵਤ ਆਪਣੀ ਜੀਵਨ-ਯਾਤ੍ਰਾ ਨੂੰ ਸਫਲੀ ਕਰ ਜਾਣਗੇ। ਉਨ੍ਹਾਂ ਦੇ ਆਤਮਾ ਨੇ ਤਾਂ ਅੰਤ ਨੂੰ ਬੀਬੀ ਜੀ ਦੀ ਪਵਿੱਤਰ ਆਤਮਾ ਸੇਤੀ ਇਕਮਿਕ ਹੋ ਜਾਣਾ ਹੈ। ਸੋ ਐ ਬੀਬੀ ਜੀ ਦੇ ਪਰਮ ਪ੍ਰੇਮੀ ਵਿਜੋਗੀ ਸਹੋਦਰ ਸੰਬੰਧੀਓ ! ਤੁਸੀਂ ਨਿਰਾਸ ਅਤੇ ਉਦਾਸ ਨਾ ਹੋਵੋ। ਵਿਜੋਗੀ ਬਨਣਾ ਹੈ ਤਾਂ ਨਿਸੰਗ ਬਣੋ, ਪਰ ਤੁਹਾਡੇ ਵਿਜੋਗ ਦਾ ਅੰਕੁਰ ਇਹ, ਕੇਵਲ ਇਹੋ ਹੀ ਉਗਵੇ ਕਿ ਤੁਸੀਂ ਬੀਬੀ ਜੀ ਦੀ ਅੰਤ ਕਾਲ ਦੀ ਅਡੋਲ ਦਸ਼ਾ ਅਤੇ ਪ੍ਰਮਾਤਮਾ ਦੇ ਸਰੂਪ ਵਿਖੇ ਲਿਵ-ਲੀਨ ਹੋ ਕੇ ਜੁੜੀ ਹੋਈ ਬਿਰਤੀ ਦੇ ਅਕਸ ਨੂੰ ਆਪਣੇ ਇੰਦੀਏ ਅੰਦਰ ਉਤਾਰਦੇ ਹੋਏ ਤਿਸ ਕਉਤਕੀ ਕ੍ਰਿਸ਼ਮੇ ਨੂੰ ਆਪਣੀ ਆਤਮਿਕ ਕਮਾਈ ਦੀ ਘਸਵਟੀ ਬਣਾਉ। ਵਿਜੋਗੀ ਬਣਨਾ ਹੈ ਤਾਂ ਜੀ ਸਦਕੇ ਬਣੋ, ਪਰ ਤੁਹਾਡੇ ਵਿਜੋਗ ਦਾ ਸਿੱਟਾ ਇਹ ਨਿਕਲੇ ਕਿ ਬੀਬੀ ਜੀ ਦੇ ਉਮਰ ਭਰ ਦੇ ਉਪਦੇਸ਼ਾਂ ਨੂੰ ਚਿਤ ਵਿਖੇ ਵਸਾਉਂਦੇ ਹੋਏ, ਬੀਬੀ ਜੀ ਦੇ ਜੀਵਨ ਵਿੱਚ ਕੁੱਟ ਕੁੱਟ ਕੇ ਭਰੇ ਹੋਏ, ਰੋਮ ਰੋਮ ਵਿਚ ਅਰੂੜ ਹੋਏ ਗੁਰਮਤਿ ਆਸ਼ੇ ਅਨੁਸਾਰ ਆਪਣੇ ਆਪ ਨੂੰ ਪਰਬੋਧੋ। ਬੀਬੀ ਜੀ ਦੇ ਵਿਜੋਗੀ ਤੁਸੀਂ ਚੁਖ ਚੁਖ ਹੋ ਕੇ ਬਣੋ ਅਤੇ ਬਣੇ ਰਹੋ। ਪਰ ਤੁਹਾਡੇ ਵਿਜੋਗ ਦਾ ਤੱਤ ਸਾਰ ਇਹ ਹੋਵੇ ਕਿ ਤੁਸੀਂ ਨਿਮਰੀਭੂਤ ਬੀਬੀ ਜੀ ਦੀ ਅੰਤੀ ਅਉਸਰ ਦੀਆਂ ਸਿਖਿਆ ਸੰਪੰਨ ਜੋਦੜੀਆਂ ਤੇ ਉਪਦੇਸ਼-ਭਿੰਨੀਆਂ ਬੇਨਤੀਆਂ ਨੂੰ ਸਦੀਵ ਕਾਲ ਲਈ ਚੇਤੇ ਰਖਦੇ ਹੋਏ ਤਿਨ੍ਹਾਂ ਦੇ ਅਨੁਸਾਰੀ ਹੋ ਕੇ ਅਮਲ ਕਰਦੇ ਰਹੋ। ਬੀਬੀ ਜੀ ਦੀ ਅਜਿਹੀ ਯਾਦ ਵਿਚ ਤੁਸਾਡਾ ਚੱਤੋ-ਪਹਿਰ ਨਿਮਗਨ ਰਹਿਣਾ ਤੁਸਾਡਾ ਰਾਮ ਵਿਯੋਗੀ ਬਣਨਾ ਹੈ ਅਤੇ ਅਜਿਹੇ ਵਿਜੋਗੀ ਬਣ ਕੇ ਆਪਣਾ ਜੀਵਨ ਸੁਧਾਰਨਾ ਹੈ। ਅਜਿਹੇ ਵਿਜੋਗ ਦੇ ਵਿਜੋਗੀ ਬਣਨਾ ਤੁਸਾਡਾ ਲੋਕ-ਸੁਖੀ ਅਤੇ ਪ੍ਰਲੋਕ ਸੁਹੇਲੇਹੋਣਾਹੈ।

[ਲੇਖਕ :—ਬੀਬੀ ਜੀ ਦੇ ਸੰਬੰਧੀਆਂ ਵਿਚੋਂ ਇਕ ਬੀਬੀ ਜੀ ਦੇ ਉਪਦੇਸ਼ਾਂ ਦਾ ਨਿਵਾਜਿਆ ਹੋਇਆ ਬੀਬੀ ਜੀ ਦਾ ਵਿਜੋਗੀ ਵੀਰ



www.AKJ.Org

# "ਸਤਿਗੁਰ ਸੰਗਿ ਨਾਹੀ ਮਨੁ ਡੋਲੈ"

[ ਵਲੋਂ :—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ]

ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ ॥ ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ...॥੭॥

[ਭੈਰਉ ਮ: ੩, ਪੰਨਾ ੧੦੫੪

(੧) ਇਸ ਦੁਪੰਗਤੀ ਵਿਚ ਇਕ ਬੀਤੀ ਹੋਈ ਘਟਨਾ ਦਾ ਇਤਿਹਾਸ ਵੀ ਹੈ ਅਤੇ ਨਾਲ ਹੀ ਇਕ ਅਟੱਲ ਸਚਾਈ ਵੀ। ਇਤਿਹਾਸ ਹੈ ਸ੍ਰੀ ਪ੍ਰਹਿਲਾਦ ਜੀ ਦੇ ਕਸ਼ਟਾਂ ਵਿਚ ਅਡੋਲ ਅਤੇ ਨਿਰਭਉ ਅਵਸਥਾ ਵਿਚ ਰਹਿਣ ਦਾ ਅਤੇ ਅਟੱਲ ਸਚਾਈ ਹੈ ਵਾਹਿਗੁਰੂ ਦੇ ਆਪਣੇ ਭਗਤਾਂ ਦੇ ਨਿਕਟ-ਵਰਤੀ ਹੋਣ ਦੀ। ਇਸ ਅਟੱਲ ਸਚਾਈ ਦੇ ਸਦਕੇ ਅਜਿਹਾ ਇਤਿਹਾਸ ਮੁੜ ਮੁੜ ਬਣਦਾ ਰਹਿੰਦਾ ਅਤੇ ਸਮੇਂ ਸਮੇਂ ਵਖ ਵਖ ਘਟਨਾਵਾਂ ਦੇ ਰੂਪ ਵਿਚ ਸਾਹਮਣੇ ਆਉਂਦਾ ਰਹਿੰਦਾ ਹੈ। ਇੰਜ ਸਾਧਾਰਨ ਮਨੁਖਾਂ ਦਾ ਇਸ ਅਟੱਲ ਸਚਾਈ ਤੇ ਵਿਸ਼ਵਾਸ ਪੱਕਾ ਹੁੰਦਾ ਰਹਿੰਦਾ ਹੈ ਅਤੇ ਉਹਨਾਂ ਨੂੰ ਉਤਸ਼ਾਹ ਅਤੇ ਪ੍ਰੇਰਨਾ ਮਿਲਦੀ ਰਹਿੰਦੀ ਹੈ। ਜੇ ਇਤਿਹਾਸ ਤਾਜ਼ੀਆਂ ਘਟਨਾਵਾਂ ਦੁਆਰਾ ਮੁੜ ਮੁੜ ਰੂਪਮਾਨ ਨ ਹੋਵੇ ਤਾਂ ਇਸ ਦੇ ਪਿਛੇ ਲੁਕਿਆ ਹੋਇਆ ਰਹੱਸ ਬੇਹਿਆ ਜਿਹਾ ਹੋ ਜਾਂਦਾ ਹੈ।

(੨) ਜਦੋਂ ਮਨੁਖ ਗੁਰੂ-ਪਰਾਇਣ ਹੋ ਜਾਵੇ, ਗੁਰੂ ਸਦਾ ਉਸ ਦਾ ਨਿਕਟ-ਵਰਤੀ ਹੋਇਆ ਰਹਿੰਦਾ ਹੈ। ਗੁਰੂ ਕਈ ਵਾਰੀ ਉਸ ਦੀ ਅਨਜਾਣੇ ਅਤੇ ਅਨ-ਪਛਾਣੇ ਗੁਪਤ ਰੂਪ ਵਿਚ ਰਖਿਆ ਕਰਦਾ ਹੈ ਤੇ ਕਈ ਵਾਰੀਉਸ ਦੇ ਹਿਰਦੇ ਵਿਚ ਪਰਗਟ ਹੋ ਕੇ ਅਤੇ ਆਪਣਾ ਵਸਲ ਬਖਸ਼ ਕੇ। ਨਾਮ-ਪ੍ਰਗਾਸ ਦੀ ਵਿਸਮਾਦੀ ਅਵਸਥਾ ਦੇ ਚਲੂਲੇ ਰੰਗਾਂ ਵਿਚ ਰੰਗ ਕੇ ਗੁਰੂ ਪਾਤਸ਼ਾਹ ਆਪਣੇ ਗੁਰਸਿਖਾਂ ਪਾਸੋਂ ਬਿਖੜੇ ਹਾਲਾਤ ਵਿਚ ਅਜਿਹੀ ਕਰੜੀ ਤੇ ਬਿਖਮ ਘਾਲ ਕਰਵਾਉਂਦਾ ਹੈ ਕਿ ਜਗਤ ਇਕ ਪਾਸੇ ਤਾਂ ਉਨ੍ਹਾਂ ਦੇ ਕਾਰਨਾਮਿਆਂ ਨੂੰ ਵੇਖ ਕੇ ਦੰਗ ਰਹਿ ਜਾਂਦਾ ਹੈ ਅਤੇ ਦੂਜੇ ਪਾਸੇ ਪ੍ਰਭਾਵਤ ਅਤੇ ਪ੍ਰੇਰਤ ਵੀ ਹੁੰਦਾ ਹੈ।

ਸਤਿਗੁਰ ਸੰਗਿ ਨਾਹੀ ਮਨੁ ਡੋਲੈ ॥
ਅੰਮ੍ਰਿਤ ਬਾਣੀ ਗੁਰਮੁਖਿ ਬੋਲੈ ॥੧॥

[ਗਉੜੀ ਗੁਆਰੇਰੀ ਮ: ੫, ਪੰਨਾ ੧੯੩

(੩) ਗੁਰੂ ਆਪਣੇ ਸਿਖ ਦੇ ਸਦਾ ਅੰਗ ਸੰਗ ਵਸਦਾ ਹੈ। ਜਿਹੜਾ ਸਿਖ ਇਕ ਵਾਰੀ ਗੁਰੂ ਦਾ ਹੋ ਗਿਆ, ਗੁਰੂ ਸਦਾ ਉਸ ਦੀ ਨਿਗਾਹਬਾਨੀ ਕਰਦਾ ਹੈ, ਸਦਾ ਉਸ ਦੀਆਂ ਮੁਸ਼ਕਲਾਂ ਵਿਚ ਸਾਥ ਨਿਭਾਉਂਦਾ ਹੈ। ਇਹ ਗੁਰੂ ਦਾ ਬਿਰਦ ਹੈ।

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ॥

[ਗਉੜੀ ਸੁਖਮਨੀ ਮ: ੫, ਪੰਨਾ ੨੮੬

ਗੁਰੂ ਦਾ ਸਿਖ ਗਲੀਂ ਬਾਤੀਂ ਨਹੀਂ ਬਣਿਆ ਜਾਂਦਾ। ਇਸ ਲਈ ਇਕ ਸ਼ਰਤ ਹੈ। ਉਹ ਇਹ ਕਿ ਸਿਖ ਆਪਣਾ ਆਪਾ ਗੁਰੂ ਦੇ ਅਰਪਣ ਕਰੇ ਅਤੇ ਗੁਰੂ ਦੀ ਆਗਿਆ ਮਨ ਬਚਨ ਕਰਮ ਕਰ ਕੇ ਸਤਿ ਮੰਨੇ।

ਮਨੁਖ ਦੀ ਜੀਵਨ-ਗੱਡੀ ਦਾ ਘੋੜਾ ਮਨ ਹੈ। ਜੇ ਮਨ ਦੀਆਂ ਵਾਗਾਂ 'ਗੁਰੂ' ਨੂੰ ਫੜਾ ਦਿਤੀਆਂ ਜਾਣ ਤਾਂ ਜੀਵਨ-ਗੱਡੀ ਸਦਾ ਸੁਰੱਖਿਅਤ ਤੇ ਸਲਾਮਤ ਰਹਿੰਦੀ ਹੈ। ਗੁਰੂ, ਜੀਵ ਦੇ ਮਨ-ਘੋੜੇ ਨੂੰ ਗੁਰ-ਸ਼ਬਦ ਗੁਰਮੰਤਰ ਦਾ ਕੜੀਆਲਾ ਪਾ ਦਿੰਦਾ ਹੈ—

ਕੜੀਆਲ ਮੁਖੇ ਗੁਰਿ ਅੰਕਸੁ ਪਾਇਆ ਰਾਮ ॥
ਮਨੁ ਮੈਗਲੁ ਗੁਰ ਸਬਦਿ ਵਸਿ ਆਇਆ ਰਾਮ...॥੩॥

[ਵਡਹੰਸ ਮ: ੪, ਪੰਨਾ ੫੭੬

(੬) 'ਗੁਰੂ' ਅਕਾਲ ਪੁਰਖ ਦਾ ਪਰਤੱਖ ਸਰੂਪ ਹੈ। ਗੁਰੂ ਤੇ ਅਕਾਲ ਪੁਰਖ ਅੰਤਰ-ਆਤਮੇ ਅਭੇਦ ਹਨ। ਏਸੇ ਤਰ੍ਹਾਂ ਗੁਰ-ਸ਼ਬਦ ਗੁਰੂ ਦਾ ਪਰਤੱਖ ਸਰੂਪ ਹੈ ਅਤੇ 'ਗੁਰੂ' ਗੁਰਸ਼ਬਦ ਦੇ ਵਿਚ ਹਲੂਲ ਹੋਇਆ ਵਿਆ ਹੈ। ਜਿਸ ਸਿਖ ਦੀ ਰਸਨਾ ਤੇ ਸਦਾ ਗੁਰ-ਸ਼ਬਦ ਦਾ ਨਿਵਾਸ ਹੈ, ਹਿਰਦੇ ਵਿਚ ਗੁਰ-ਸ਼ਬਦ ਦਾ ਖੰਡਾ ਖੜਕਦਾ ਹੈ, ਉਸ ਦੇ ਅੰਦਰ ਅੰਮ੍ਰਿਤ ਦਾ



www.AKJ.Org

ਨਿਝਰ-ਝਰਨਾ ਨਿਰੰਤਰ ਝਰਦਾ ਰਹਿੰਦਾ ਹੈ ਤੇ ਉਹ ਸਦਾ ਤ੍ਰਿਪਤਾਇ ਅਘਾਇ ਰਹਿੰਦਾ ਹੈ। ਸ਼ਬਦ-ਜੋਤਿ ਉਸ ਦੇ ਅੰਦਰ ਪ੍ਰਕਾਸ਼ਮਾਨ ਹੋ ਜਾਂਦੀ ਹੈ ਤੇ ਗੁਰੂ ਵਾਹਿਗੁਰੂ ਉਸਨੂੰ ਸਦਾ ਅੰਗ ਸੰਗ ਵਸਦਾ ਪ੍ਰਤੀਤ ਹੁੰਦਾ ਹੈ। ਚੋਜੀ ਸਤਿਗੁਰੂ ਅਨਿੰਨ ਗੁਰਸਿਖਾਂ ਨਾਲ ਸਦਾ ਸਹਿਜ-ਕੇਲ ਕਰਦਾ ਹੋਇਆ ਉਨ੍ਹਾਂ ਨੂੰ ਖੇੜਾ ਤੇ ਵਿਗਾਸ ਬਖ਼ਸ਼ਦਾ ਰਹਿੰਦਾ ਹੈ।

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ
ਸਹਜੇ ਸਹਜਿ ਸਮਾਈ ਹੇ ॥੬॥

[ਮਾਰੂ ਸੋਲਹੇ ਮ: ੪, ਪੰਨਾ ੧੦੬੯

(੫) ਮਨ-ਪਰਚਾਵਾ ਉਦਾਸੀ ਤੋਂ ਬਚਣ ਦਾ ਵਡਾ ਸਾਧਨ ਹੈ। ਮਨ-ਪਰਚਾਵੇ ਦੇ ਬੇਅੰਤ ਦੁਨੀ-ਆਵੀ ਸਾਧਨ ਹਨ। ਪੰਜ ਗਿਆਨ ਅਤੇ ਪੰਜ ਕਰਮ ਇੰਦਰਿਆਂ ਦੇ ਆਪੋ ਆਪਣੇ ਮਨ-ਪਰਚਾਵੇ ਹਨ। ਮਨੁਖ ਇਨ੍ਹਾਂ ਪਰਚਾਵਿਆਂ ਰਾਹੀਂ ਮਨ ਨੂੰ ਸੰਤੁਸ਼ਟ ਕਰਨ ਦਾ ਯਤਨ ਸਦਾ ਕਰਦਾ ਰਹਿੰਦਾ ਹੈ। ਸਦੀਆਂ ਲੰਘ ਗਈਆਂ ਹਨ ਅਜਿਹਾ ਕਰਦਿਆਂ, ਪਰ ਮਨ ਇਨ੍ਹਾਂ ਰਸਾਂ ਕਸਾਂ, ਵਿਸ਼ੇ-ਭੋਗਾਂ ਵਿਚ ਪਰਚ ਨਹੀਂ ਸਕਿਆ। ਇਹ ਛਿਨ-ਭੰਗਰ ਰਸ, ਭੋਗ ਭੋਗ ਕੇ ਮਨ ਅਤ੍ਰਿਪਤ ਹੀ ਰਿਹਾ ਹੈ ਅਤੇ ਇਸ ਦੀ ਤ੍ਰਿਸ਼ਨਾ ਬੁਝੀ ਨਹੀਂ, ਸਗੋਂ ਹੋਰ ਮਚੀ ਹੈ। ਮਨ ਬੜਾ ਤਕੜਾ ਰਸੀਆ ਹੈ, ਪਰ ਸਦੈਵੀ-ਰਸ ਨਾ ਮਿਲਣ ਕਾਰਨ ਹੋਛੇ ਰਸਾਂ ਵਿਚ ਪ੍ਰਵਿਰਤ ਹੋ ਕੇ ਆਪਣਾ ਬਲ ਖੀਣ ਕਰੀ ਜਾਂਦਾ ਹੈ।

ਜਿਸ ਕਿਸੇ ਵਡਭਾਗੇ ਮਨੁੱਖ ਨੂੰ ਪੂਰਬ ਕਰਮ ਅੰਕੁਰ ਸਫੁਟ ਹੋਣ ਉਤੇ ਗੁਰੂ-ਸਤਿਗੁਰੂ ਦਾ ਮਿਲਾਪ ਹੁੰਦਾ ਹੈ, ਉਸ ਨੂੰ ਗੁਰੂ ਤੋਂ ਨਾਮ-ਗੁਰਮੰਤਰ ਦੀ ਦਾਤ ਪ੍ਰਾਪਤ ਹੁੰਦੀ ਹੈ, ਉਸ ਦਾ ਨਾਮ ਨਾਲ ਪਰਚਾ ਪੈਂਦਾ ਹੈ। ਨਾਮ-ਰਸ ਵਿਚ ਪਰਚਿਆ ਮਨ ਇਸ ਰਸ ਨੂੰ ਛਡ ਨਹੀਂ ਸਕਦਾ। ਬਸ ਫਿਰ ਕੀ, ਚਤੋ ਪਹਿਰ ਨਾਮ ਦਾ ਪਰਚਾ ਬਣਿਆ ਰਹਿੰਦਾ ਹੈ। ਇਹ ਹੈ ਅਦਰਸ਼ਕ ਪਰਚਾ। ਮਨ ਅਜਿਹਾ ਸ਼ਬਦ ਵਿਚ ਪਰਚਦਾ ਹੈ ਕਿ ਰਸ ਪ੍ਰਾਇਣ ਹੋਇਆ ਇਸ ਵਿਚ ਹੀ ਨਿਮਗਨ ਰਹਿੰਦਾ ਹੈ। ਜਿਉਂ ਜਿਉਂ ਸ਼ਬਦ-ਅਭਿਆਸ ਕਰਦਾ ਹੈ, ਅੰਮ੍ਰਿਤ ਦਾ ਫੁਹਾਰਾ ਹੋਰ ਪ੍ਰਬਲ ਹੋ ਜਾਂਦਾ ਹੈ।

ਸਾਹਿ ਸਾਹਿ ਤੁਝੁ ਸੰਮਲਾ ਕਦੇ ਨ
ਵਿਸਾਰੇਉ ॥ ਜਿਉ ਜਿਉ ਸਾਹਿਬੁ ਮਨਿ ਵਸੈ
ਗੁਰਮੁਖਿ ਅੰਮ੍ਰਿਤੁ ਪੇਉ...॥੩॥

[ਸਿਰੀ ਰਾਗੁ ਮ: ੧, ਪੰਨਾ ੨੦

੬. ਅਭਿਆਸੀ ਅੰਮ੍ਰਿਤ ਪੀ ਪੀ ਖੀਵਾ ਹੋਇਆ ਰਹਿੰਦਾ ਹੈ। ਕੁਝ ਹੋਰ ਖਾਣ ਪੀਣ ਪੈਨਣ ਦੀ ਇਛਾ ਹੀ ਨਹੀਂ ਰਹਿੰਦੀ, ਕਿਸੇ ਨਾਲ ਕੂਣ-ਬੋਲਣ ਨੂੰ ਜੀਅ ਨਹੀਂ ਲੋਚਦਾ। ਉਸ ਦੀ ਬਸ ਇਕੋ ਲਾਲਸਾ ਹੁੰਦੀ ਹੈ ਕਿ ਇਕਾਂਤ ਬਣੀ ਰਹੇ ਅਤੇ ਇਕਾਂਤ ਵਿਚ ਰੀਸਾਲੂ ਗੁਰ-ਸ਼ਬਦ ਨਾਲ ਮਨ ਦਾ ਕਾਂਟਾ ਸਦਾ ਜੁੜਿਆ ਰਵ੍ਹੇ।

ਜਿਹੜੀ ਇਕੱਲ ਸੰਸਾਰੀ ਮਨੁੱਖਾਂ ਨੂੰ ਖਾਣ ਨੂੰ ਆਉਂਦੀ ਹੈ, ਭਗਤ ਲੋਕ ਇਸ ਨੂੰ "ਇਕਾਂਤ" ਦੇ ਪਿਆਰੇ ਨਾਮ ਨਾਲ ਯਾਦ ਕਰਦੇ ਹਨ ਅਤੇ ਇਸ ਦੇ ਸਿਰ ਸਦਕੇ ਮਨ-ਬਿਰਤੀ ਨੂੰ ਬਾਹਰਮੁਖੀ ਵਾਸ਼ਨਾਵਾਂ ਤੋਂ ਸੰਕੋਚ ਕੇ ਨਾਮ ਨਾਲ ਜੋੜ, ਪ੍ਰਭੂ-ਵਸਲ ਦਾ ਅਨੰਦ ਲੈਂਦੇ ਰਹਿੰਦੇ ਹਨ। ਉਹਨਾਂ ਨੂੰ ਦੁਖ ਨਹੀਂ ਪੋਹ ਸਕਦੇ। ਦੇਖਣ ਨੂੰ ਭਾਵੇਂ ਉਨ੍ਹਾਂ ਦੇ ਸਰੀਰ ਉਤੇ ਕਈ ਕਸ਼ਟ ਆਉਂਦੇ ਦਿਸਦੇ ਹਨ, ਪਰ ਓਹ ਦੁਖ ਨੂੰ ਪ੍ਰਭੂ ਦੀ ਦਾਤ ਅਤੇ ਦਾਰੂ ਜਾਣਦੇ ਹਨ। ਉਨ੍ਹਾਂ ਦੀ ਸੁਰਤੀ ਦੇਹ ਤੋਂ ਬਿਦੇਹ ਹੋ, ਨਾਮ ਵਿਚ ਹੀ ਤ੍ਰਿਬੁਡ ਰਹਿੰਦੀ ਹੈ। ਨਾਮ ਵਿਚ ਖੀਵੇ ਹੋ ਉਹ ਗਾਉਂਦੇ ਰਹਿੰਦੇ ਹਨ—

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥

[ਆਸਾ ਰਵਿਦਾਸ ਜੀ, ਪੰਨਾ ੬੯੬

(੬) ਗੁਰੂ ਵਾਹਿਗੁਰੂ ਦੀ ਹੋਂਦ ਉਤੇ ਵਿਸ਼ਵਾਸ ਅਤੇ ਉਸ ਦੇ ਹਾਜ਼ਰ-ਨਾਜ਼ਰ ਹੋਣ ਦੀ ਦ੍ਰਿੜ੍ਹਤਾ; ਇਹ ਭਗਤੀ-ਮਾਰਗ ਦੇ ਮਹਿਲ ਦੀ ਨੀਂਹ ਹੈ। ਗੁਰੂ ਕਰੇ, ਸਾਨੂੰ ਇਹ ਵਿਸ਼ਵਾਸ ਅਤੇ ਦ੍ਰਿੜ੍ਹਤਾ ਆਵੇ।



www.AKJ.Org

# "ਸੂਤੇ ਗਏ ਮੁਹਾਏ'

[ ਵਲੋਂ :—ਪ੍ਰੋ: ਗੁਰਮੁਖ ਸਿੰਘ ਜੀ, ਕਪੂਰਥਲਾ ]

ਜਦੋਂ ਕੋਈ ਮਨੁਖ ਆਪਣੀ ਜਾਇਦਾਦ ਤੋਂ ਬੇਖ਼ਬਰ ਹੋ ਕੇ ਸੌਂ ਜਾਏ ਤਾਂ ਹੌਲੀ ਹੌਲੀ ਸੁਆਰਥੀ ਲੋਕ ਉਸਦੀ ਸੰਪਤੀ ਖਿਸਕਾ ਲੈਂਦੇ ਹਨ। ਅਤੇ ਉਸ ਨੂੰ ਅੰਤ ਵਿਚ ਪਛਤਾਉਣਾ ਪੈਂਦਾ ਹੈ। ਪਰ ਜੇ ਕੋਈ ਕੌਮ ਹੀ ਸੌਂ ਜਾਏ ? ਫਿਰ ਉਸ ਦਾ ਰੱਬ ਹੀ ਰਾਖਾ ਹੈ। ਉਸ ਦੇ ਖ਼ੁਆਰ ਹੋਣ ਵਿਚ ਕੋਈ ਕਸਰ ਨਹੀਂ। ਸਿਖ ਕੌਮ ਇਕ ਲੰਬੇ ਸਮੇਂ ਤੋਂ ਮਾਇਆ ਦੀ ਮਿਠੀ ਮਿਠੀ ਨੀਂਦੇ ਸੌਂ ਰਹੀ ਹੈ। ਆਰਾਮ ਫ਼ਰਮਾ ਰਹੀ ਹੈ।

ਇਕ ਵਾਰੀ ਤਾਂ ਕੌਮ ਤੇ ਭੀੜਾ ਬਣੀ ਸੀ, ਤਾਂ ਹੰਦਾਲੀਆਂ ਨੇ ਗੁਰੂ ਇਤਿਹਾਸ ਨੂੰ ਮੂਲੋਂ ਹੀ ਬਦਲ ਕੇ ਰਖ ਦਿਤਾ। ਮੇਹਰਬਾਨ ਵਿਰੋਧੀ ਸੋਢੀ ਸੀ। ਉਸਦਾ ਨਤੀਜਾ ਇਹ ਨਿਕਲਿਆ ਕਿ ਸਿੱਖ ਕੌਮ ਦਾ ਸਚਾ ਸੁਚਾ ਇਤਿਹਾਸ ਖਟਾਈ ਵਿਚ ਪੈ ਗਿਆ। ਮੈਕਲੌਡ ਵਰਗੇ ਸ਼ਰਾਰਤੀ ਅਤੇ ਅਸ਼ਰਧਕ ਇਤਿਹਾਸਕਾਰ ਅਜ ਜੋ ਕਿੰਤੂ ਕਰ ਰਹੇ ਹਨ, ਸੁੱਤੀ ਕੌਮ ਉਸ ਦਾ ਹੁਣ ਕੀ ਜਵਾਬ ਦੇਵੇ ! ਇਹ ਤਾਂ ਇਕ ਪਾਸਿਉਂ ਲੁਟ ਪੈ ਗਈ ਜੇ। ਕੌਮ ਵਿਚ ਅਸ਼ਰਧਾ ਫੈਲੇਗੀ। ਨਹੀਂ ਤਾਂ ਜਾਗੋ।

ਜਦੋਂ ਦੀ ਬਾਣੀ ਦੀ ਰਚਨਾ ਹੋਈ ਹੈ ਉਦੋਂ ਤੋਂ ਹੁਣ ਤਕ ਲਗ ਪਗ ੩੦੦—੪੦੦ ਸਾਲ ਦਾ ਸਮਾਂ ਬੀਤ ਚੁਕਾ ਹੈ। ਪਿਛਲੀ ਬਜ਼ੁਰਗ-ਸਿਖ-ਕੌਮ ਦੇ ਸਿਰ ਤੇ ਭੀੜਾਂ ਪਈਆਂ ਹੋਈਆਂ ਸਨ। ਉਨ੍ਹਾਂ ਨੇ ਸਾਨੂੰ ਗੁਰਬਾਣੀ ਅੰਦਰ ਵਰਤੀ ਨਿਯਮਾਵਲੀ ਦਾ ਕੋਈ ਲਿਖਤੀ ਖਰੜਾ ਵਿਰਸੇ ਵਿਚ ਨਹੀਂ ਦਿਤਾ। ਹਾਂ ਗੁਰਦੁਆਰਾ ਸੁਧਾਰ ਲਹਿਰ ਨੇ ਸਿਖ ਸਮਾਜ ਨੂੰ ਚੰਗੀ ਤਰ੍ਹਾਂ ਝੰਜੋੜਿਆ। ਇਸੇ ਹਲੂਣੇ ਨੇ ਗੁਰਦੁਆਰੇ ਆਜ਼ਾਦ ਕਰਾਏ। ਗੁਰੂ ਕੇ ਸਿਖਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਅਨੇਕਾਂ ਕਸ਼ਟ ਸਹਾਰੇ। ਖ਼ਬਰ ਨਹੀਂ ਇਹ ਕੌਮ ਬਣੀ ਇਸ ਤਰ੍ਹਾਂ ਨਾਲ ਹੋਈ ਹੈ ਕਿ ਦੁਖਾਂ ਕਲੇਸ਼ਾਂ ਵਿਚ ਇਹ ਜਾਗਦੀ ਹੈ, ਪਰ ਸੁਖ ਆਰਾਮ ਵਿਚ ਆ ਕੇ ਸੌਂ ਜਾਂਦੀ ਹੈ।

ਇਸੇ ਹਿਲ-ਜੁਲ ਨੇ ਸਿਖ ਵਿਦਵਾਨਾਂ ਨੂੰ ਗੁਰਬਾਣੀ ਦੇ ਪਠਨ ਪਾਠਨ ਵਲ ਵਧੇਰੇ ਪ੍ਰੇਰਿਆ। ਪ੍ਰੋਫੈਸਰ ਤੇਜਾ ਸਿੰਘ ਜੀ ਨੇ ੧੯੨੦—੨੬ ਦੇ ਉਸ ਬਿਖੜੇ ਕਾਲ ਵਿਚ ਆਪਣੀ ਸਭ ਤੋਂ ਵਡਮੁਲੀ ਖੋਜ ਭਰੀ ਪੁਸਤਕ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦਾਂਤਿਕ ਲੱਗਾਂ ਮਾਤ੍ਰਾਂ ਦੇ ਗੁਝੇ ਭੇਦ" ਪ੍ਰਕਾਸ਼ਿਤ ਕੀਤੀ, ਜੋ ਅਜ ਕਲ ਬਾਜ਼ਾਰ ਵਿਚੋਂ ਨਹੀਂ ਮਿਲਦੀ

ਫਿਰ ਪ੍ਰੋਫੈਸਰ ਸਾਹਿਬ ਸਿੰਘ ਜੀ ਦੀ ਕਾਫ਼ੀ ਵਿਸਥਾਰ ਵਾਲੀ ਪੁਸਤਕ "ਗੁਰਬਾਣੀ ਵਿਆਕਰਣ" ੧੯੩੨—੩੭ ਦੇ ਦੌਰਾਨ ਛਾਪੀ ਗਈ। ਭਾਵ ਇਹ ਹੈ ਕਿ ਇਤਿਹਾਸ ਖ਼ਰਾਬ ਹੋਣ ਦਾ ਤਾਂ ਸਾਨੂੰ ੨੦੦—੨੫੦ ਸਾਲ ਮਗਰੋਂ ਪਤਾ ਲਗ ਰਿਹਾ ਹੈ; ਪਰ ਦੂਜੀ ਲੁਟ ਦਾ ਸਾਨੂੰ ਛੇਤੀ ਹੀ ਗਿਆਨ ਹੋ ਰਿਹਾ ਹੈ। ਪ੍ਰੋ: ਸਾਹਿਬ ਸਿੰਘ ਦੇ ਵਿਆਕਰਣ ਅਤੇ ਪ੍ਰੋ: ਤੇਜਾ ਸਿੰਘ ਦੀ ਪੁਸਤਕ ਨੇ ਸਿਖ ਵਿਦਵਾਨਾਂ ਵਿਚ ਕਾਫ਼ੀ ਹਲਚਲ ਪੈਦਾ ਕੀਤੀ। ਪ੍ਰੋ: ਸਾਹਿਬ ਸਿੰਘ ਦੀ ਕਾਫ਼ੀ ਆਲੋਚਨਾ ਕੀਤੀ ਗਈ ਕਿ ਅਗਾਧ ਬੋਧ ਬਾਣੀ ਨੂੰ ਨਿਯਮਾਂ ਵਿੱਚ ਬੰਦ ਕਰਨ ਦਾ ਜਤਨ ਭੀ ਕਿਉਂ ਕੀਤਾ ? ਭਾਵ ਇਹ ਕਿ ਤਕਰੀਬਨ ੧੬੦੪ ਤੋਂ ਮਗਰੋਂ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਹੋਈ, ਹੁਣ ਤਕ, ੩੭੫ ਸਾਲਾਂ ਵਿਚ ਕੇਵਲ ਇਕ ਦੋ ਪੁਸਤਕਾਂ ਹੀ ਗੁਰਬਾਣੀ ਵਿਆਕਰਣ ਤੇ ਛਪ ਸਕੀਆਂ ? ਹੁਣ ਤੇ ਬਾਣੀ ਦੀ ਭਾਸ਼ਾ-ਨਿਯਮਾਵਲੀ ਲਭਣ ਲਈ ਮੁਹਿੰਜੋਦਾਰੋ ਅਤੇ ਹੜੱਪਾ ਦੀ ਲਿਪੀ ਵਾਂਗ ਹੀ ਖੋਜ ਕਰਨੀ ਪਏਗੀ। ਪ੍ਰੋ: ਸਾਹਿਬ ਸਿੰਘ ਜੀ ਦੀ ਵਿਆਕਰਣ ਤੋਂ ਬਾਅਦ ਅਜੇ ਬੜਾ ਕੁਝ ਕਰਨ ਵਾਲਾ ਹੈ, ਜਿਸ ਲਈ ਕਾਫੀ ਖ਼ੋਜ ਦੀ ਲੋੜ ਹੈ।

ਖ਼ੈਰ ਕੁਝ ਭੀ ਹੋਵੇ, ਉਪਰੋਕਤ ਪੁਸਤਕਾਂ



www.AKJ.Org

ਕੇਵਲ ਵਿਦਵਾਨਾਂ ਨੇ ਪੜ੍ਹੀਆਂ ਅਤੇ ਸਾਂਭ ਕੇ ਰੱਖ ਛਡੀਆਂ। ਸਿਖ ਕੌਮ ਪਾਸ ਸੰਪਰਦਾਈ ਟਕਸਾਲਾਂ ਭੀ ਮੌਜੂਦ ਸਨ। ਇਹ ਸਾਡੀ ਖ਼ੁਸ਼ਕਿਸਮਤੀ ਹੈ ਕਿ ਉਹ ਦੋ ਢਾਈ ਸੌ ਸਾਲਾਂ ਤੋਂ ਬਾਣੀ ਦੇ ਸੁਧ ਪਾਠ ਕਰਨ ਅਤੇ ਅਰਥ-ਬੋਧ ਕਰਾਣ ਦਾ ਕੰਮ ਗੁਰੂ ਮਹਾਰਾਜ ਦੀ ਖ਼ਾਸ ਸੇਵਾ ਸਮਝ ਕੇ ਕਰਦੇ ਆਏ ਹਨ। ਸਮੇਂ ਦੇ ਨਾਲ ਨਾਲ ਇਨ੍ਹਾਂ ਟਕਸਾਲੀ ਅਰਥਾਂ ਦੀ ਗਿਣਤੀ ਵਿਚ ਭੀ ਵਾਧਾ ਹੁੰਦਾ ਗਿਆ। ਉਚਾਰਨ ਭੇਦ ਤੇ ਅਰਥ-ਭੇਦ ਹੋ ਜਾਣੇ ਸੁਭਾਵਕ ਸਨ। ਕਿਸੇ ਸ਼ਹਿਰ ਵਿਚ ਇਕ ਟਕਸਾਲੀ ਜੱਥਾ ਇਕ ਮਹੀਨਾ ਰਹਿ ਕੇ ਅਗੇ ਚਾਲੇ ਪਾ ਦਿੰਦਾ, ਫਿਰ ਕੁਝ ਚਿਰਾਂ ਪਿਛੋਂ ਦੂਜਾ ਜੱਥਾ ਇਹ ਸੇਵਾ ਕਰਦਾ। ਬਹੁਤ ਘਟ ਲੋਕ ਹੁੰਦੇ ਸਨ ਉਨ੍ਹਾਂ ਚੰਗੇ ਵਕਤਾਂ ਵਿਚ, ਜਿਹੜੇ ਇਨ੍ਹਾਂ ਦੇ ਅਰਥਾਂ ਤੇ ਕਿੰਤੂ ਕਰਦੇ। ਪਰ ਸੰਪਰਦਾਈ ਅਰਥਾਂ ਅਤੇ ਉਚਾਰਨ ਵਿਚ ਮਤ-ਭੇਦ ਆਉਂਦਾ ਗਿਆ। ਹੁਣ ਇਸ ਵੇਲੇ ਚਾਰ ਪੰਜ ਕਿਸਮ ਦੇ ਸੰਪਰਦਾਈ ਜੱਥੇ ਪੰਥ ਦੀ ਇਹੋ ਸੇਵਾ ਕਰ ਰਹੇ ਹਨ। ਕੌਣ ਕਹਿ ਸਕਦਾ ਹੈ, ਕਿਸ ਦੇ ਉਚਾਰਨ ਜਾਂ ਅਰਥ ਠੀਕ ਹਨ? ਇਸ ਦਾ ਨਿਰਣਾ ਕੇਵਲ ਬਾਣੀ ਅੰਦਰ ਆਏ ਵਿਆਕਰਣਿਕ ਨਿਯਮ ਹੀ ਕਰਾ ਸਕਦੇ ਹਨ, ਕਿਉਂਕਿ ਕਿਸੇ ਨੇ ਕਿਸੇ ਨੂੰ ਇਸਦਾ ਉਚਿਤ ਅਧਿਕਾਰੀ ਪਰਵਾਨ ਹੀ ਨਹੀਂ ਕਰਨਾ।

ਕੌਮ ਨੇ ਜਦੋਂ ਦੇਖਿਆ ਕਿ ਟਕਸਾਲੀ ਜੱਥੇ ਸੋਹਣਾ ਕੰਮ ਚਲਾ ਰਹੇ ਹਨ, ਇਹ ਕੰਮ ਉਨ੍ਹਾਂ ਨੂੰ ਸੌਂਪ ਕੇ ਆਪ ਇਸ ਕੰਮੋਂ ਅਵੇਸਲੀ ਹੋ ਬੈਠੀ। ਨਤੀਜਾ ਇਹ ਹੋਇਆ ਹੈ ਕਿ ਇਨ੍ਹਾਂ ਦੇ ਅਰਥਾਂ ਅਤੇ ਉਚਾਰਨਾਂ ਵਿਚ ਫ਼ਰਕ ਪੈ ਗਿਆ। ਹੁਣ ਜਾਗਣ ਦੀ ਲੋੜ ਹੈ। ਇਹ ਸਮਝ ਨਹੀਂ ਆਉਂਦੀ ਕਿ ਇਹ ਜੱਥੇ ਬੀਤੇ ਸਮੇਂ ਵਿਚ ਆਪੋ ਵਿਚ ਨੇੜੇ ਹੋ ਕੇ ਤਾਲ ਮੇਲ ਕਿਉਂ ਨਹੀਂ ਪੈਦਾ ਕਰ ਸਕੇ। ਸ਼ਾਇਦ ਇਹੋ ਵਡਾ ਕਾਰਨ ਹੋ ਸਕਦਾ ਹੈ—

ਘਾਟਿ ਨ ਕਿਨਹੀ ਕਹਾਇਆ॥
ਸਭਿ ਕਹਤੇ ਹੈ ਪਾਇਆ॥...੭॥
[ਸਿਰੀ ਰਾਗੁ ਮ: ੫, ਪੰਨਾ ੭੧

ਸਭ ਜੱਥੇ ਆਪਣੇ ਆਪ ਨੂੰ ਦੂਜਿਆਂ ਨਾਲੋਂ ਪ੍ਰਮਾਣੀਕ ਸਮਝਦੇ ਰਹੇ ਅਤੇ ਹੁਣ ਵੀ ਸਮਝਦੇ ਹਨ। ਕੋਈ ਧਿਰ ਸਮਝੌਤੇ ਲਈ ਤਿਆਰ ਨਹੀਂ। ਬਾਣੀ ਇਕੋ ਹੈ, ਉਪਦੇਸ਼ ਭੀ ਇਕੋ ਹੈ। ਇਹ ਭੇਦ ਭਾਉ ਕਿਸ ਲਈ? ਇਹ ਵਖ ਵਖ ਅਰਥ ਕਰ ਕੇ ਦਸਣ ਦਾ ਕੀ ਲਾਭ?

ਇਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ॥
[ਵਾਰ ਸੋਰਠ ਮ: ੩, ਪੰਨਾ ੬੪੬

ਦੇਸ਼ ਦੀ ਵੰਡ ਤੋਂ ਪਿਛੋਂ ਕੌਮ ਨੂੰ ਇਕ ਨਵਾਂ ਹਲੂਣਾ ਮਿਲਿਆ। ਕੌਮ ਦਾ ਬਹੁਤ ਵੱਡਾ ਹਿੱਸਾ ਇਸ ਬਟਵਾਰੇ ਕਾਰਨ ਬੇਘਰ ਹੋ ਕੇ ਉਖੜ ਗਿਆ। ਨਵੇਂ ਸਿਰਿਓਂ ਆਪਣੇ ਆਪ ਨੂੰ ਆਰਥਕ ਤੌਰ ਤੇ ਕਾਇਮ ਕਰਨ ਵਿਚ ਕੌਮ ਅਜਿਹੀ ਰੁਝੀ, ਅਜਿਹੀ ਤੁਝੀ ਕਿ ਹੁਣ ਤਕ ਮਾਇਆ ਦੀ ਨੀਂਦਰ ਵਿਚ ਘੂਕ ਸੁਤੀ ਪਈ ਹੈ। ਵੰਡ ਤੋਂ ਮਗਰੋਂ ਨਵੇਂ ਨਵੇਂ ਗੁਰਦਆਰੇ ਬਣਨੇ ਹੀ ਸਨ। ਉਨ੍ਹਾਂ ਲਈ ਨਵੀਆਂ ਬੀੜਾਂ ਦੀ ਮੰਗ ਵਧ ਜਾਣੀ ਸੁਭਾਵਕ ਸੀ। ੧੯੪੭—੭੭ ਤਕ ਇਨ੍ਹਾਂ ਤੀਹ ਸਾਲਾਂ ਵਿਚ ਪਾਵਨ ਬੀੜਾਂ ਦੀ ਜਿਤਨੀ ਭਾਰੀ ਮਾਤਰਾ ਵਿਚ ਛਪਾਈ ਕੀਤੀ ਗਈ, ਪਹਿਲੇ ਕਦੀ ਨਹੀਂ ਹੋਈ। ਵਪਾਰੀਆਂ ਨੇ ਧੜਾ ਧੜ ਬੀੜਾਂ ਛਾਪ ਛਾਪ ਕੇ ਸਿਖ ਸੰਗਤਾਂ ਦੀ ਆਪਣੇ ਵਲੋਂ ਤਾਂ "ਸੇਵਾ" ਹੀ ਕੀਤੀ, ਪਰ ਬਾਣੀ ਦੀ ਛਪਾਈ ਵਲ ਜੋ ਧਿਆਨ ਦੇਣਾ ਚਾਹੀਦਾ ਸੀ ਉਹ ਨਹੀਂ ਦਿਤਾ। ਅਤੇ ਜੋ ਬੀੜ ਹੱਥ ਲਗੀ ਉਸ ਤੋਂ ਹੀ ਨਵੀਆਂ ਛਾਪ ਦਿਤੀਆਂ। ਕੌਮ ਦੇ ਵਿਅਕਤੀਗਤ ਜੀਵਨ ਵਿਚ ਭੀ ਇਕ ਨਵੀਂ ਤਬਦੀਲੀ ਆਈ। ਪਿਛਲਾ ਸੁਭਾਅ ਪਿਆ ਹੋਇਆ ਸੀ ਕਿ ਮਹਾਰਾਜ ਜੀ ਦੇ ਦਰਸ਼ਨ ਕੀਤੇ ਬਿਨਾਂ, ਕੁਝ ਛਕਣਾ ਨਹੀਂ। ਉਧਰ ਰੁਝੇਵਿਆਂ ਨੇ ਇਤਨਾ ਬੁਰੀ ਤਰ੍ਹਾਂ ਘੇਰਿਆ ਕਿ ਗੁਰਦੁਆਰੇ ਜਾਣ ਦੀ ਜਾਂ ਸਤਿਸੰਗਤ ਵਿਚ ਜਾ ਕੇ ਘੜੀ ਦੋ ਘੜੀ ਵਿਚਾਰ ਕਰਨ ਦੀ ਹੁਣ ਵੇਹਲ ਹੀ ਨਾ ਰਹੀ।

ਇਸ ਦੇ ਦੋ ਵਡੇ ਨਤੀਜੇ ਨਿਕਲੇ—

(੧) ਕਿ ਸਤਿ ਸੰਗਤ ਵਿਚ ਬੈਠਣਾ ਖ਼ਤਮ ਹੁੰਦਾ ਜਾ ਰਿਹਾ ਹੈ। ਜੇ ਵਡੇਰੀ ਉਮਰ ਵਾਲੇ ਘਰ ਹੀ



www.AKJ.Org

ਦਰਸ਼ਨ ਕਰ ਲੈਂਦੇ ਹਨ ਤਾਂ ਛੋਟਿਆਂ ਨੂੰ ਗੁਰ-ਦੁਆਰੇ ਜਾਣ ਦਾ ਸੁਭਾਅ ਕਦੋਂ ਪੈਣਾ ਹੈ। ਇਸ ਲਈ ਹੁਣ ਸਾਡੇ ਗੁਰਦੁਆਰਿਆਂ ਅੰਦਰ ਸਵੇਰੇ ਸ਼ਾਮ ਚਿਟ-ਦਾੜ੍ਹੀਏ ਗੁਰੂ ਕੇ ਪਿਆਰੇ ਨਜ਼ਰੀਂ ਆਉਂਦੇ ਹਨ।ਨੌਜਵਾਨ ਕਦੀ ਕਦਾਈਂ ਗੁਰਪੁਰਬਾਂ ਤੇ ਦਰਸ਼ਨ ਦਿੰਦੇ ਹਨ। ਇਸ ਨਾਲ ਸਿਖ ਸੰਗਤਾਂ ਦਾ ਗੁਰਦੁਆਰਿਆਂ ਦੇ ਪ੍ਰਬੰਧ ਤੋਂ ਹੱਥ ਚੁਕਿਆ ਗਿਆ। ਗੁਰਦੁਆਰੇ ਭੀ ਅਕਸਰ ਹੁਣ ਜਾਂ ਤਾਂ ਸ਼੍ਰੋਮਣੀ ਕਮੇਟੀ ਸਾਂਭਦੀ ਹੈ ਜਾਂ ਸਿੰਘ ਸਭਾਵਾਂ। ਸਾਡਾ ਇਹ ਸੁਭਾਅ ਹੈ ਕਿ ਆਪਣੇ ਗੁਰੂ ਦਾ ਕੰਮ ਕਿਸੇ ਹੋਰ ਦੇ ਹੱਥਾਂ ਵਿਚ ਸੌਂਪ ਕੇ ਆਪ ਸੌਂ ਜਾਣਾ। ਜੇ ਕੋਈ ਕਦੀ ਕਦਾਈਂ ਹਲੂਣਾ ਦੇਵੇ ਤਾਂ ਉਸ ਦੇ ਹੱਥ ਮਾਇਆ ਦਾ ਤਗੜਾ ਗਫਾ ਫੜਾਉਣਾ ਹੀ ਗੁਰੂ ਦੀ ਉਤਮ ਕਿਸਮ ਦੀ ਸੇਵਾ ਸਮਝ ਲੈਣਾ ਤੇ ਫਿਰ ਸੌਂ ਜਾਣਾ। ਇਹੋ ਕਾਰਨ ਹੈ ਕਿ ਅਜ ਅਸੀਂ ਮਾਇਆ ਦੇ ਸੁਖ ਆਰਾਮ ਤੇ ਹੋਰ ਰੁਝੇਵੇਂ ਇਤਨੇ ਜ਼ਿਆਦਾ ਵਧਾ ਲਏ ਹਨ ਕਿ ਉਹ ਸਮਾਂ ਦੂਰ ਨਹੀਂ ਜਦੋਂ ਅਸੀਂ ਗੁਰੂ ਨਾਲੋਂ ਟੁਟ ਜਾਵਾਂਗੇ। ਗੁਰੂ ਘਰ ਜਾਣਾ ਨਹੀਂ, ਗੁਰੂ ਦਾ ਉਪਦੇਸ਼ ਸੁਣਨਾ ਨਹੀਂ, ਗੁਰੂ ਘਰ ਦੀ ਹੱਥੀਂ ਸੇਵਾ ਨਹੀਂ ਕਰਨੀ, ਤਨ ਤੇ ਮਨ ਮਾਇਆ ਵਿਚ ਲਾਈ ਰਖਣਾ ਹੈ, ਫਿਰ ਕਾਹਦੀ ਸਿਖੀ ਰਹਿ ਗਈ। ਗੁਰੂ ਕੋਲ ਜਾਂ ਮਾਇਕ ਪਦਾਰਥ ਮੰਗਣ ਲਈ ਆਉਣਾ ਹੈ ਜਾਂ ਹੋਰ ਲੋੜਾਂ ਲਈ। ਯਾਨੀ ਗੁਰੂ ਦਾ ਤੇ ਹੁਣ ਦੇ ਰੁਝੇ ਹੋਏ ਸਿਖ ਦਾ ਸੰਬੰਧ ਕੇਵਲ ਮਾਇਕ ਹੁੰਦਾ ਜਾ ਰਿਹਾ ਹੈ, ਨਾਮ ਬਾਣੀ ਦਾ ਸੰਬੰਧ ਟੁਟ ਰਿਹਾ ਹੈ। "ਸੂਤੇ ਗਏ ਮੁਹਾਇ" ਦੀ ਚਿਤਾਵਨੀ ਹੈ, ਚੇਤੇ ਰਖਣੀ ਚਾਹੀਦੀ ਹੈ।

(੨) ਜਦ ਸਾਡਾ ਇਹ ਹਾਲ ਹੈ ਤਾਂ ਅਸੀਂ ਇਸ ਪਾਸਿਉਂ ਭੀ ਸੁਤੇ ਹੀ ਪਏ ਹਾਂ ਕਿ ਸਾਡੇ ਪ੍ਰਚਾਰਕ ਕੀ ਪ੍ਰਚਾਰ ਕਰਦੇ ਹਨ? ਕਿਵੇਂ ਕਥਾ ਕਰਦੇ ਹਨ? ਕਿਵੇਂ ਅਰਥ ਦੇ ਅਨਰਥ ਕਰ ਜਾਂਦੇ ਹਨ? ਕਿਵੇਂ ਕੀਰਤਨ-ਦਰਬਾਰਾਂ ਦੇ ਨਾਂ ਤੇ ਅਸੀਂ ਸ਼ਰੇ-ਆਮ ਲੁਟੇ ਜਾ ਰਹੇ ਹਾਂ। ਨਵੀਂ ਉਠ ਰਹੀ ਪੀੜ੍ਹੀ ਨੇ ਇਹੋ ਸਮਝਣਾ ਹੈ ਕਿ ਕਥਾ ਕਰਾ ਲਓ, ਚਾਹੇ ਕਿਹੋ ਜਿਹੀ ਹੋਵੇ, ਕੀਰਤਨ ਕਰਵਾ ਲਿਆ, ਭਾਵੇਂ ਮਹਿੰਗਾ ਹੀ ਸਹੀ। ਪਾਠ ਕਦੀ ਘਟ ਹੀ ਕੀਤਾ ਹੈ। ਬੱਚਿਆਂ ਨੂੰ ਤਾਂ ਪਾਠ ਕਰਨਾ ਮਾਡਰਨ ਫ਼ੈਸ਼ਨ ਅਨੁਸਾਰ ਇਕ ਪਿਛੜੇ ਹੋਏ ਕੰਮ (Backward task) ਤੇ ਲਾਉਣ ਦੇ ਬਰਾਬਰ ਸਮਝਿਆ ਜਾਂਦਾ ਹੈ। ਅਜ ਕੌਮ ਦੇ ਸੁੱਤੇ ਪਏ ਹੋਣ ਦਾ ਇਹ ਇਕ ਪਰਤੱਖ ਸਬੂਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ, ਜਿਸ ਬਾਰੇ ਅਸੀਂ ਛਾਤੀ ਠੋਕ ਕੇ ਕਹਿ ਦਿੰਦੇ ਹਾਂ ਕਿ ਇਸ ਵਿਚ ਕੋਈ ਮਿਲਾਵਟ ਨਹੀਂ, ਅਜ ਮਿਲਾਵਟ ਹੋ ਗਈ ਹੈ, ਹੁੰਦੀ ਜਾ ਰਹੀ ਹੈ ਅਤੇ ਹੁੰਦੀ ਜਾਏਗੀ, ਜੇ ਇਸੇ ਤਰ੍ਹਾਂ ਸੁਤੇ ਰਹੇ।

ਕੌਮ ਸਮਝਦੀ ਸੀ ਕਿ ਸ਼੍ਰੋਮਣੀ ਕਮੇਟੀ ਸਾਡੀ ਇਸ ਸੰਬੰਧ ਵਿਚ ਹਰ ਪ੍ਰਕਾਰ ਸੰਭਾਲ ਕਰੇਗੀ। ਸ਼੍ਰੋਮਣੀ ਕਮੇਟੀ ਨੇ ਹੁਣ ਤਕ ਬੀੜਾਂ ਦੀ ਛਪਾਈ ਦੇ ਤਿੰਨ ਐਡੀਸ਼ਨ ਛਾਪੇ ਹਨ। ਪਰ ਅਫ਼ਸੋਸ ਤਿੰਨਾਂ ਹੀ ਸਰੂਪਾਂ ਵਿਚ ਆਪਸ ਵਿਚ ਕੁਝ ਕੁਝ ਫਰਕ ਹਨ। ਕਮੇਟੀ ਦਾ ਛਪਿਆ ਹੋਇਆ ਸ਼ਬਦਾਰਥ ਲੈ ਲਉ। ਉਸ ਦੀਆਂ ਭੀ ਦੋ ਐਡੀਸ਼ਨਾਂ ਛਪੀਆਂ ਹਨ, ਉਹਨਾਂ ਵਿਚ ਭੀ ਫ਼ਰਕ ਹੈ। ਕੀ ਤੁਹਾਨੂੰ ਇਹ ਫ਼ਰਕ ਪਤਾ ਲਗਾ ਹੈ? ਨਹੀਂ! ਕਾਰਨ ਇਹੋ ਹੀ ਹੈ ਕਿ "ਸੇਵਾਦਾਰਾਂ ਨੂੰ ਕੰਮ ਸੌਂਪ ਕੇ ਆਪ ਸੌਂ ਜਾਉ।" ਇਹੋ ਸਾਡੇ ਜੀਵਨ ਦਾ ਅਸੂਲ ਬਣਦਾ ਜਾ ਰਿਹਾ ਹੈ। ਸਾਡੇ ਪਾਸ ਸਭ ਤੋਂ ਵਡਮੁਲਾ ਖਜਾਨਾ, ਪਿਉ-ਦਾਦੇ ਦਾ ਖਜ਼ਾਨਾ ਹੈ। ਅਸੀਂ ਸਮਝੀ ਬੈਠੇ ਸਾਂ ਕਿ ਸਾਡਾ ਖਜ਼ਾਨਾ ਸਾਂਭਿਆ ਪਿਆ ਹੈ। ਪਰ ਨਹੀਂ ਉਥੇ ਭੀ ਚੋਰ ਪੈ ਗਏ ਹਨ। ਸੋ "ਸਭ ਮਦ ਮਾਤੇ ਕੋਊ ਨਾ ਜਾਗਿ ॥ ਸੰਗ ਹੀ ਚੋਰ ਘਰੁ ਮੂਸਨ ਲਾਗ" ॥੧॥ਰਹਾਉ॥ (ਬਸੰਤ ਕਬੀਰ ਜੀ, ੧੧੯੩) ਵਾਲਾ ਵਰਤਾਰਾ ਵਰਤ ਰਿਹਾ ਹੈ। ਸਾਡੇ ਵਡਮੁਲੇ ਖ਼ਜ਼ਾਨੇ ਵਿਚ ਜੋ ਲਗ-ਮਾਤ੍ਰੀ ਤਬਦੀਲੀ ਕੀਤੀ ਜਾ ਰਹੀ ਹੈ, ਉਸਦਾ ਸਾਨੂੰ ੧੦੦ ਸਾਲ ਬਾਅਦ ਪਤਾ



www.AKJ.Org

ਲਗੇਗਾ ਕਿ ਅਸੀਂ ਕਿਤਨੇ ਖ਼ਰਾਬ ਹੋਏ। ਪਦ-ਛੇਦ ਗਲਤ ਕਰਨਾ, ਬਿਸਰਾਮ ਗ਼ਲਤ ਦੇਣਾ ਤੇ ਲਗਾਂ ਮਾਤ੍ਰਾਂ ਦਾ ਸਹੀ ਨਾ ਹੋਣਾ ਇਸ ਪੰਥਕ ਖ਼ਜ਼ਾਨੇ ਤੇ ਧਾਵੇ ਦੇ ਤੁਲ ਹੈ। ਅਸੀਂ ਤਾਂ ਹਾ ਦਾ ਨਾਅਰਾ ਮਾਰ ਸਕਦੇ ਹਾਂ, ਸੋ ਖਾਲਸੇ ਤਕ ਪੁਕਾਰ ਕੀਤੀ ਹੈ।

ਇਹ ਹਾਲ ਤਾਂ ਸ਼ਰੋਮਣੀ ਕਮੇਟੀ ਦੀਆਂ ਬੀੜਾਂ ਦਾ ਹੈ। ਦੂਜੇ ਪਾਸੇ ਬਜ਼ਾਰੀ ਦੁਕਾਨਦਾਰ ਹਨ, ਜਿਨ੍ਹਾਂ ਨੇ ਬੀੜਾਂ ਦੀ ਵਿਕਰੀ ਤੋਂ ਹੀ ਤੁਹਾਡੇ ਪਾਸੋਂ ਕਮਾਈ ਕਰਨੀ ਹੈ। ਆਪਾਂ ਨੂੰ ਇਤਨੀ ਸੋਝੀ ਨਹੀਂ ਕਿ ਇਹ ਬੀੜਾਂ ਸ਼ੁਧ ਹਨ ਕਿ ਨਹੀਂ। ਬੀੜ ਤੇ ਲਿਖਿਆ ਲੇਬਲ ਪੜ੍ਹਿਆ ਕਿ ਦਮਦਮੀ ਬੀੜ ਨਾਲ ਮੇਲੀ ਗਈ ਹੈ। ਬਸ ਲਿਖੇ ਤੇ ਭਰੋਸਾ ਕਰ ਲਿਆ ਤੇ ਸੌਂ ਗਏ। ਬਜ਼ਾਰੀ ਬੀੜਾਂ ਵਿਚ ਅਸ਼ੁਧੀਆਂ ਦੀ ਗਿਣਤੀ ਬੇ-ਸ਼ੁਮਾਰ ਹੈ। ਅਜੇ ਸ਼ਰੋਮਣੀ ਕਮੇਟੀ ਦੀਆ ਬੀੜਾਂ ਫਿਰ ਭੀ ਠੀਕ ਹਨ।

ਆਵਾਜ਼ ਹੁਣ ਇਹ ਆ ਰਹੀ ਹੈ ਕਿ ਇਸ ਬਾਰੇ ਕੁਝ ਕਰਨਾ ਚਾਹੀਦਾ ਹੈ। ਸ਼ਰੋਮਣੀ ਕਮੇਟੀ ਸਹਿਮਤ ਹੈ। ਦੂਜੇ ਸੰਪਰਦਾਈ ਜੱਥੇ ਭੀ ਤਿਆਰ ਹਨ ਕਿ ਮਿਲ ਬੈਠ ਕੇ ਪਾਠ-ਭੇਦਾਂ ਅਤੇ ਉਚਾਰ-ਭੇਦਾਂ ਨੂੰ ਠੀਕ ਕੀਤਾ ਜਾਏ। ਇਹ ਕੰਮ ਵਿਦਵਾਨ ਕਰਨਗੇ। ਉਨ੍ਹਾਂ ਨੇ ਭੀ ਤਾਂ ਕਿਸੇ ਵਿਆਕਰਣ ਦੇ ਨਿਯਮਾਂ ਦੇ ਆਧਰ ਤੇ ਹੀ ਕੁਝ ਕਰਨਾ ਹੈ। ਇਸ ਲਈ ਜ਼ਰੂਰੀ ਹੈ ਕਿ ਸੁਸਤੀ ਛੱਡ ਕੇ ਗੁਰਬਾਣੀ ਦੇ ਪਾਠ ਵਲ, ਗੁਰਬਾਣੀ ਅੰਦਰ ਵਰਤੀਆਂ ਲਗਾਂ ਮਾਤ੍ਰਾਂ ਵਲ ਵਧੇਰੇ ਧਿਆਨ ਦਿੱਤਾ ਜਾਏ। ਇਸ ਸੰਬੰਧ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ "ਲਗਾਂ ਮਾਤ੍ਰਾਂ ਦੀ ਵਿਲੱਖਣਤਾ" ਅਤੇ ਧੰਨਾ ਸਿੰਘ ਜੀ ਦੀ ਪੁਸਤਕ "ਗੁਰਬਾਣੀ ਦਾ ਸ਼ੁਧ ਉਚਾਰਨ" ਆਪਣੇ ਆਪ ਵਿਚ ਸਫਲ ਜਤਨ ਹਨ, ਜਿਨ੍ਹਾਂ ਨੂੰ ਪੜ੍ਹਨਾ ਹਰ ਗੁਰਸਿਖ ਦਾ ਫਰਜ਼ ਬਣਦਾ ਹੈ। ਇਹਨਾਂ ਪੁਸਤਕਾਂ ਤੋਂ ਬਾਣੀ ਦੇ ਪਾਠ ਦੀ ਅਤੇ ਅਰਥ ਕਰਨ ਜਾਂ ਸਮਝਣ ਦਾ ਸ਼ੌਕ ਲਗ ਜਾਏਗਾ। ਦਾਸ ਨੇ ਭੀ ਇਸ ਸਬੰਧ ਵਿਚ ਕੁਝ ਲਿਖਣਾ ਸ਼ੁਰੂ ਕੀਤਾ ਹੈ, ਜਿਸ ਨੂੰ ਅਗਲੇਰੇ ਪਰਚਿਆਂ ਵਿਚ ਕਿਸ਼ਤ-ਵਾਰ ਛਾਪਣ ਦਾ ਵਿਚਾਰ ਹੈ। ਮਕਸਦ ਇਹੋ ਹੈ ਕਿ ਸਿਖ ਸੰਗਤਾਂ ਵਿਚ ਵਿਆਕਰਣ ਗੁਰਬਾਣੀ ਸੰਬੰਧੀ ਵਧੇਰੇ ਜਾਣਕਾਰੀ ਪੈਦਾ ਕੀਤੀ ਜਾਏ। ਇਸ ਸੰਬੰਧ ਵਿਚ ਜੇ ਮੁਮਕਿਨ ਹੋ ਸਕਿਆ ਤਾਂ ਪ੍ਰੈਕਟੀਕਲ-ਡੀਮਾਨਸਟ੍ਰੇਸ਼ਨ (ਅਮਲੀ ਸਪੱਸ਼ਟੀਕਰਨ) ਲਈ ਕੁਝ ਲੈਕਚਰਾਂ ਦਾ ਪ੍ਰਬੰਧ ਵੀ ਕੀਤਾ ਜਾ ਸਕਦਾ ਹੈ। ਪਿਛਲੇ ਦਿਨੀਂ ਇਸ ਸੰਬੰਧ ਵਿੱਚ ਹੁਸ਼ਿਆਰਪੁਰ ਵਿਖੇ ਇਹ ਤਜਰਬੇ ਦੇ ਤੌਰ ਤ ਕਰਕੇ ਵੇਖਿਆ ਗਿਆ ਸੀ। ਜਿਸ ਤੋਂ ਉਤਸ਼ਾਹ ਮਿਲਦਾ ਹੈ ਕਿ ਬਹੁਤ ਸਾਰੀ ਸੰਗਤ ਬਾਣੀ ਦਾ ਸ਼ੁਧ ਪਾਠ ਕਰਨ ਜਾਂ ਠੀਕ ਅਰਥ ਕਰਨ ਦੀ ਚਾਹਵਾਨ ਹੈ।

ਇਸ ਕਾਰਜ ਨੂੰ ਅੱਗੋਂ ਕੀ ਰੂਪ-ਰੇਖਾ ਮਿਲੇਗੀ, ਇਹ ਤਾਂ ਗੁਰੂ ਸੱਚੇ ਪਾਤਸ਼ਾਹ ਹੀ ਜਾਣਦੇ ਹਨ। ਇਸ ਲੇਖ ਲਿਖਣ ਦਾ ਮਕਸਦ ਇਹੋ ਹੈ ਕਿ ਹੁਸ਼ਿਆਰ ਹੋ ਜਾਓ, ਹਣ ਬਾਣੀ ਵਿਚ ਮਿਲਾਵਟ ਹੋਣ ਲੱਗੀ ਜੇ। ਜੇ ਸਾਥੋਂ ਬਾਣੀ ਹੀ ਅਸਲ ਰੂਪ ਵਿਚ ਨਾ ਰਹੀ ਤਾਂ ਅਸੀਂ ਕਿਥੇ ਜਾਵਾਂਗੇ। ਮਹਾਰਾਜ ਜੀ ਨੇ, ਚੋਜੀ ਪ੍ਰੀਤਮ ਜੀ ਨੇ ਸਾਨੂੰ ਬਾਣੀ ਦੇ ਲੜ ਲਾਇਆ ਸੀ। ਅਸੀਂ ਲੜ ਛੱਡ ਕੇ ਸੌਂ ਗਏ ਹਾਂ। ਜੇ ਲੜ ਛੁਟ ਗਿਆ ਤਾਂ ਸਾਡਾ ਕੀ ਬਣੂੰ? ਇਸ ਲਈ ਜਾਗੋ! ਬਾਣੀ ਪੜ੍ਹੋ। ਬਾਣੀ ਵੀਚਾਰੋ। ਘਰ ਘਰ ਬਾਣੀ ਪੜ੍ਹਨ ਦੀਆਂ ਟਕਸਾਲਾਂ ਕਾਇਮ ਕਰੋ। ਸਟੱਡੀ ਸਰਕਲ ਬਣਾਓ। ਆਪਣੇ ਵਿਰਸੇ ਨੂੰ ਸਾਂਭੋ। ਨਹੀਂ ਤਾਂ ਸ਼ਰਾਰਤੀ ਲੋਕ ਲੁਟਣਗੇ।

*

---

**ਪਾਠਕ ਸਜਣੋ**—ਹਰ ਮਹੀਨੇ ਚੰਦੇ ਖ਼ਤਮ ਹੋਣ ਵਾਲੇ ਸਜਣਾਂ ਦੇ ਪਰਚਿਆਂ ਪਿਛੇ ਚੰਦਾ ਖ਼ਤਮ ਹੋਣ ਦੀ ਮੋਹਰ ਲਾਈ ਜਾਂਦੀ ਹੈ। ਮੋਹਰ ਵਾਲਾ ਪਰਚਾ ਪੁਜਣ ਸਾਰ ਹੀ ਚੰਦਾ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ। ਬਾਅਦ ਵਿਚ ਪਰਚਾ ਬੰਦ ਹੋ ਕੇ ਦੁਬਾਰਾ ਚਾਲੂ ਕਰਨ ਨਾਲ ਰਜਿਸਟਰਾਂ ਵਿਚ ਵਾਧੂ ਕਟ ਵਢ ਅਤੇ ਪ੍ਰੇਸ਼ਾਨੀ ਹੁੰਦੀ ਹੈ।

*ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਸਮੇਂ ਚਿੱਟ ਨੰਬਰ ਜ਼ਰੂਰ ਦੇਵੋ ਜੀ।*
*ਤੁਹਾਡਾ ਚਿੱਟ ਨੰਬਰ ਹਰ ਪਰਚੇ ਤੇ ਐਡਰੈਸ ਦੇ ਪਹਿਲਾਂ ਲਿਖਿਆ ਹੁੰਦਾ ਹੈ।*

www.AKJ.Org

# ਜਾਪੁ ਸਾਹਿਬ–ਕਾਵਿ ਅਨੁਵਾਦ

[ਵਲੋਂ—ਜੇ. ਪੀ. ਸੰਗਤ ਸਿੰਘ ਜੀ, ੭੫/੩ ਮਲੁੰਡ ਕਾਲੋਨੀ, ਬੰਬੇ-੮੨]

## *ਅਬਿਨਾਸ਼ੀ ਪ੍ਰਕਾਸ਼ ਰੂਪ-ਪ੍ਰਭੂ*

### ਚਾਚਰੀ ਛੰਦ

**ਅਭੰਗ ਹੈਂ ॥ ਅਨੰਗ ਹੈਂ ॥ ਅਭੇਖ ਹੈਂ ॥ ਅਲੇਖ ਹੈਂ ॥੧੩੩॥**

**ਸ਼ਬਦਾਰਥ**—ਅਭੰਗ = ਨਾਸ ਰਹਿਤ । ਅਨੰਗ = ਅੰਗ ਰਹਿਤ । ਅਭੇਖ = ਭੇਖ ਰਹਿਤ । ਅਲੇਖ = ਗਿਣਤੀ ਮਿਣਤੀ ਬਾਹਿਰਾ ।

**ਭਾਵਾਰਥ**—ਪ੍ਰਭੂ ! ਤੂੰ ਨਾਸ ਰਹਿਤ ਹੈਂ, ਅੰਗ ਰਹਿਤ ਹੈਂ, ਭੇਸ ਰਹਿਤ ਹੈਂ ਅਤੇ ਕਿਸੇ ਲੇਖ ਲਿਖਤ ਵਿਚ ਨਹੀਂ ਆ ਸਕਦਾ ।

**ਕਾਵਿ ਭਾਵਾਰਥ :—**

ਕਦੇ ਹੋ ਨਹੀਂ ਸਕਦਾ ਨਾਸ ਤੇਰਾ, ਕਦੇ ਹੋਵੇਂ ਨ ਭੰਗ, ਅਭੰਗ ਪ੍ਰੀਤਮ !
ਤੇਰਾ ਭੇਸ ਕੋਈ ਨਹੀਂ, ਨ ਕੋਈ ਲੇਖ ਤੇਰਾ, ਅੰਗ ਰਹਿਤ ਹੈਂ, ਮੇਰੇ ਅਨੰਗ ਪ੍ਰੀਤਮ !

**ਅਭਰਮ ਹੈਂ ॥ ਅਕਰਮ ਹੈਂ ॥ ਅਨਾਦਿ ਹੈਂ ॥ ਜੁਗਾਦਿ ਹੈਂ ॥੧੩੪॥**

**ਸ਼ਬਦਾਰਥ**—ਅਭਰਮ = ਭਰਮ ਤੋਂ ਮੁਕਤ । ਅਕਰਮ = ਕਰਮ ਤੋਂ ਮੁਕਤ । ਅਨਾਦਿ = ਜਿਸ ਦਾ ਕੋਈ ਅਰੰਭ ਕਾਲ ਨ ਮਿਲੇ । ਜੁਗਾਦਿ = ਜੁਗਾਂ ਦੇ ਅਰੰਭ ਤੋਂ ਵੀ ਪਹਿਲਾਂ ਦਾ, ਭਾਵ ਪੂਰਨ ਸੱਚ ।

**ਭਾਵਾਰਥ**—ਤੈਨੂੰ ਕੋਈ ਭਰਮ ਭੁਲੇਖਾ ਨਹੀਂ ਹੈ, ਤੂੰ ਕਰਮ ਮੁਕਤ ਹੈਂ, ਤੇਰੀ ਹਸਤੀ ਕਦੋਂ ਦੀ ਹੈ, ਇਸ ਦਾ ਕੋਈ ਮੁਢ ਸਿਰਾ ਨਹੀਂ ਮਿਲਦਾ । ਤੂੰ ਜੁਗਾਂ ਦੇ ਅਰੰਭ ਤੋਂ ਵੀ ਪਹਿਲਾਂ ਤੋਂ ਮੌਜੂਦ ਹੈਂ, ਭਾਵ ਤੂੰ ਪੂਰਨ ਪਰਮ ਸੱਚ ਹੈਂ ।

**ਕਾਵਿ ਭਾਵਾਰਥ :—**

ਨਾ ਕੋਈ ਭਰਮ ਤੈਨੂੰ, ਕਰਮ ਮੁਕਤ ਦਾਤਾ, ਨਾ ਕੋਈ ਆਦਿ ਤੇਰਾ, ਹੇ ਅਨਾਦਿ ਸੁਆਮੀ !
ਤੇਰੀ ਹੋਂਦ ਹੈ ਜੁਗਾਂ ਦੇ ਆਦਿ ਤੋਂ ਹੀ, ਪੂਰਨ ਸੱਚ ਹੈਂ, ਮੇਰੇ ਜੁਗਾਦਿ ਸੁਆਮੀ !

**ਅਜੈ ਹੈਂ ॥ ਅਭੈ ਹੈਂ ॥ ਅਭੂਤ ਹੈਂ ॥ ਅਧੂਤ ਹੈਂ ॥੧੩੫॥**

**ਸ਼ਬਦਾਰਥ**—ਅਜੈ = ਅਜਿਤ । ਅਭੈ = ਅਡੋਲ, ਸਥਿਰ, ਅਹਿਲ । ਅਭੂਤ = ਪੰਜਾਂ ਤੱਤਾਂ ਤੋਂ ਮੁਕਤ । ਅਧੂਤ = ਸਥਿਰ, ਅਹਿਲ ।

**ਭਾਵਾਰਥ**—ਪ੍ਰਭੂ ! ਤੂੰ ਅਜਿਤ ਹੈਂ, ਅਡੋਲ ਤੇ ਸਥਿਰ ਹੈਂ ਅਤੇ ਪੰਜਾਂ ਤੱਤਾਂ ਚੋਂ ਕਿਸੇ ਤੋਂ ਵੀ ਤੂੰ ਬਣਿਆ ਨਹੀਂ ਹੈਂ ।

**ਕਾਵਿ ਭਾਵਾਰਥ :—**

ਕੋਈ ਵੀ ਨਹੀਂ ਐਸਾ, ਤੈਨੂੰ ਜਿਤ ਸਕੇ ਜੋ, ਤੂੰ ਹੈਂ ਐਸਾ ਅਜਿਤ, ਅਜੈ ਪਿਆਰੇ !
ਨਾ ਹੀ ਕਦੇ ਵੀ ਤੂੰ ਨਾਸ ਹੋਣ ਵਾਲਾ, ਤੂੰ ਹੈਂ ਸਦਾ ਸਥਿਰ, ਅਭੈ ਪਿਆਰੇ !
ਅੱਗ, ਧਰਤ, ਅਕਾਸ਼ ਤੇ ਜਲ ਵਾਯੂ, ਪੰਜਾਂ ਤੱਤਾਂ ਤੋਂ ਦਾਤਾ ਤੂੰ ਬਣਿਆ ਹੀ ਨਹੀਂ !
ਤੈਨੂੰ ਸਕੇ ਹਿਲਾ, ਡੁਲਾ ਜਿਹੜਾ, ਐਸਾ ਲਾਲ ਮਾਂ ਕਿਸੇ ਨੇ ਜਣਿਆ ਹੀ ਨਹੀਂ !



www.AKJ.Org

## ਅਨਾਸ ਹੈਂ ॥ ਉਦਾਸ ਹੈਂ ॥ ਅਧੰਧ ਹੈਂ ॥ ਅਬੰਧ ਹੈਂ ॥੧੩੬॥

**ਸ਼ਬਦਾਰਥ**–ਅਨਾਸ=ਨਾਸ ਰਹਿਤ। ਉਦਾਸ=ਉਪ੍ਰਾਮ, ਨਿਰਮੋਹ। ਅਧੰਧ=ਝੰਜਟਾਂ ਝਮੇਲਿਆ ਤੋਂ ਮੁਕਤ। ਅਬੰਧ=ਬੰਧਨਾਂ ਤੋਂ ਮੁਕਤ।

**ਭਾਵਾਰਥ**–ਪ੍ਰਭੂ, ਤੂੰ ਕਦੇ ਨਾਸ ਨਹੀਂ ਹੁੰਦਾ, ਕਿਸੇ ਦਾ ਮੋਹ ਚਿੰਤਾ ਤੇਰੇ ਉਤੇ ਕੋਈ ਪ੍ਰਭਾਵ ਨਹੀਂ ਪਾ ਸਕਦੇ। ਤੂੰ ਸੰਸਾਰ ਦੇ ਧੰਧਿਆਂ ਤੇ ਬੰਧਨਾਂ ਤੋਂ ਪੂਰਨ ਤੌਰ ਤੇ ਮੁਕਤ ਹੈਂ।

**ਕਾਵਿ ਭਾਵਾਰਥ :–**

ਤੂੰ ਨਾਸ਼ ਵਿਨਾਸ਼ ਨਹੀਂ ਹੋ ਸਕਦਾ, ਤੂੰ ਹੈਂ ਅਮਰ ਅਬਿਨਾਸ਼ੀ ਅਨਾਸ ਪ੍ਰੀਤਮ!
ਤੈਨੂੰ ਕਿਸੇ ਦੀ ਚਿੰਤਾ ਨ ਮੋਹ ਕੋਈ, ਤੂੰ ਹੈਂ ਐਸਾ ਨਿਰਮੋਹ, ਉਦਾਸ ਪ੍ਰੀਤਮ!
ਜਿਤਨੇ ਝੰਜਟ ਝਮੇਲੇ ਤੇ ਹੈਨ ਧੰਧੇ, ਸਭ ਦੇ ਝਗੜਿਆਂ ਤੋਂ ਦਾਤਾ ਮੁਕਤ ਹੈਂ ਤੂੰ!
ਰੋਕਾਂ, ਬੰਧਨਾਂ, ਜਾਲਾਂ ਤੇ ਜੰਜਾਲਾਂ ਸਭ ਤੋਂ, ਪੂਰੀ ਤਰ੍ਹਾਂ ਸੁਤੰਤ੍ਰ ਹੈਂ, ਮੁਕਤ ਹੈਂ ਤੂੰ!

## ਅਭਗਤ ਹੈਂ ॥ ਬਿਰਕਤ ਹੈਂ ॥ ਅਨਾਸ ਹੈਂ ॥ ਪ੍ਰਕਾਸ ਹੈਂ ॥੧੩੭॥

**ਸ਼ਬਦਾਰਥ**–ਅਭਗਤ=ਮੋਹ ਤੋਂ ਮੁਕਤ। ਬਿਰਕਤ=ਅਤੀਤ, ਉਪ੍ਰਾਮ।

**ਭਾਵਾਰਥ**–ਪ੍ਰਭੂ, ਤੂੰ ਬਿਲਕੁਲ ਨਿਰਮੋਹ ਹੈਂ, ਉਪ੍ਰਾਮ ਹੈਂ, ਉਦਾਸ ਹੈਂ, ਸੰਸਾਰ ਦੀ ਕੋਈ ਵਸਤੂ, ਕੋਈ ਪਦਾਰਥ, ਕੋਈ ਮੋਹ ਤੈਨੂੰ ਖਿਚ ਨਹੀਂ ਪਾ ਸਕਦਾ। ਤੂੰ ਨਾਸ ਰਹਿਤ ਹੈਂ ਅਤੇ ਪ੍ਰਕਾਸ਼ ਹੀ ਪ੍ਰਕਾਸ਼ ਹੈਂ।

**ਕਾਵਿ ਭਾਵਾਰਥ :–**

ਤੂੰ ਪਦਾਰਥਾਂ ਦੇ ਮੋਹ ਤੋਂ ਉੱਚ ਸੁਆਮੀ, ਤੇ ਸੰਸਾਰ ਦੇ ਮੋਹ ਤੋਂ ਮੁਕਤ ਹੈਂ ਤੂੰ!
ਗਿਆਨ ਚਾਨਣ ਹੈਂ ਤੂੰ, ਜਗ ਪ੍ਰਕਾਸ਼ ਹੈ ਤੂੰ, ਸਦ ਅਬਿਨਾਸ਼ੀ ਹੈਂ ਤੂੰ, ਨਾਸ ਰਹਿਤ ਹੈਂ ਤੂੰ!

## ਨਿਚਿੰਤ ਹੈਂ ॥ ਸੁਨਿੰਤ ਹੈਂ ॥ ਅਲਿਖ ਹੈਂ ॥ ਅਦਿਖ ਹੈਂ ॥੧੩੮॥

**ਸ਼ਬਦਾਰਥ**–ਨਿਚਿੰਤ=ਚਿੰਤਾ ਫ਼ਿਕਰ ਤੋਂ ਮੁਕਤ। ਸੁਨਿੰਤ=ਸਭ ਦੀ ਦਾਦ ਫ਼ਰਿਆਦ ਸੁਣਨ ਵਾਲਾ। ਅਲਿਖ=ਜਿਸ ਦੇ ਗੁਣ ਲੇਖਣੀ ਵਿਚ ਨਾ ਆ ਸਕਦੇ ਹੋਣ। ਅਦਿਖ=ਅਦ੍ਰਿਸ਼ਟ।

**ਭਾਵਾਰਥ**–ਪ੍ਰਭੂ, ਤੈਨੂੰ ਕਿਸੇ ਪ੍ਰਕਾਰ ਦੀ ਕੋਈ ਚਿੰਤਾ ਨਹੀਂ, ਫ਼ਿਕਰ ਨਹੀਂ! ਤੂੰ ਸਭ ਜੀਵਾਂ ਦੇ ਦੁਖ ਦਰਦ ਦੀ ਦਾਦ ਫ਼ਰਿਆਦ ਸੁਣਨ ਵਾਲਾ ਹੈਂ। ਤੂੰ ਕਿਸੇ ਲੇਖਣੀ, ਲਿਖਤ ਜਾਂ ਚਿਤ੍ਰ ਵਿਚ ਉਲੀਕਿਆ ਨਹੀਂ ਜਾ ਸਕਦਾ ਅਤੇ ਅਦ੍ਰਿਸ਼ਟ ਹੈਂ, ਬਾਹਰੀ ਅੱਖਾਂ ਨਾਲ ਕਿਸੇ ਨੂੰ ਦਿਖਦਾ ਨਹੀਂ।

**ਕਾਵਿ ਭਾਵਾਰਥ:–**

ਤੈਨੂੰ ਫ਼ਿਕਰ ਕੋਈ ਨਹੀਂ, ਕੋਈ ਤੌਖਲਾ ਨਹੀਂ, ਕੋਈ ਵੀ ਚਿੰਤਾ ਨਹੀਂ ਤੈਨੂੰ,ਅਚਿੰਤ ਪ੍ਰੀਤਮ!
ਛੋਟੇ ਵਡੇ ਸਭ ਦਾ ਹੀ ਧਰਵਾਸ ਹੈਂ ਤੂੰ, ਦੁਖੜੇ ਸੁਣੇਂ ਸਭ ਹੀ ਦੇ, ਸੁਨਿੰਤ ਪ੍ਰੀਤਮ!
ਤੇਰਾ ਚਿਤ੍ਰ ਮੂਰਤ ਕੁਝ ਵੀ ਬਣ ਸਕੇ ਨ, ਲਿਖਿਆ ਜਾ ਨ ਸਕੇਂ, ਅਲਿਖ ਦਾਤਾ!
ਇਹਨਾਂ ਦਿਸਦੀਆਂ ਜ਼ਾਹਿਰੀ ਅਖੀਆਂ ਤੋਂ, ਦਿਸਦਾ ਨਹੀਂ ਤੂ ਐਸਾ ਅਦਿਖ ਦਾਤਾ!

## ਅਲੇਖ ਹੈਂ ॥ ਅਭੇਖ ਹੈਂ ॥ ਅਢਾਹ ਹੈਂ ॥ ਅਗਾਹ ਹੈਂ ॥੧੩੯॥

**ਸ਼ਬਦਾਰਥ**–ਅਢਾਹ=ਜੋ ਢਾਹਿਆ ਨਾ ਜਾ ਸਕੇ। ਅਗਾਹ=ਅਤ ਡੂੰਘਾ, ਅਥਾਹ, ਜੋ ਗਾਹਿਅ ਨਾ ਜਾ ਸਕੇ।



www.AKJ.Org

**ਭਾਵਾਰਥ**—ਪ੍ਰਭੂ, ਤੂੰ ਕਿਸੇ ਤੋਂ ਵੀ ਢਾਹਿਆ ਨਹੀਂ ਜਾ ਸਕਦਾ, ਤੇਰਾ ਲੇਖ ਉਲੇਖ ਨਹੀਂ ਹੋ ਸਕਦਾ, ਨਾ ਕਿਸੇ ਲੇਖੇ ਜਾਂ ਲਿਖਤ ਵਿਚ ਹੀ ਆਉਂਦਾ ਹੈਂ। ਤੇਰਾ ਕੋਈ ਖ਼ਾਸ ਭੇਖ ਨਹੀਂ ਹੈ। ਹਰ ਭੇਖ ਵਿਚ ਹੀ ਤੂੰ ਮੌਜੂਦ ਹੈਂ। ਤੇਰਾ ਕੋਈ ਪਾਰਾਵਾਰ ਨਹੀਂ ਮਿਲਦਾ।

**ਕਾਵਿ ਭਾਵਾਰਥ** :—

ਤੇਰਾ ਚਿੱਤ੍ਰ ਉਲੀਕਿਆ ਜਾ ਸਕੇ ਨਾ, ਤੇਰਾ ਲਿਖ ਨਹੀਂ ਸਕਦਾ ਲੇਖ ਕੋਈ।
ਨਾ ਕੋਈ ਖ਼ਾਸ ਪਹਿਰਾਵਾ ਲਿਬਾਸ ਤੇਰਾ, ਨਾ ਵਿਸ਼ੇਸ਼ ਦਾਤਾ! ਤੇਰਾ ਭੇਖ ਕੋਈ।
ਤੈਨੂੰ ਕੋਈ ਵੀ ਨਹੀਂ ਹਰਾ ਸਕਦਾ, ਢਾਹ ਨ ਸਕੇ ਕੋਈ, ਤੂੰ ਅਢਾਹ ਪ੍ਰੀਤਮ।
ਤੇਰੀ ਥਾਹ ਨਹੀਂ ਕੋਈ ਵੀ ਪਾ ਸਕਦੈ, ਇਤਨਾ ਡੂੰਘਾ, ਅਮੀਕ, ਅਗਾਹ ਪ੍ਰੀਤਮ।

**ਅਸੰਭ ਹੈਂ ॥ ਅਗੰਭ ਹੈਂ ॥ ਅਨੀਲ ਹੈਂ ॥ ਅਨਾਦ ਹੈਂ ॥੧੪੦॥**

**ਸ਼ਬਦਾਰਥ**—ਅਸੰਭ=ਅਸ਼ੰਭਵਯ, ਜੋ ਵਿਚਾਰਾਂ ਦੀ ਹੱਦ ਤੋਂ ਉੱਚਾ ਹੋਵੇ। ਅਗੰਮ=ਅਪਹੁੰਚ, ਪਹੁੰਚ ਤੋਂ ਪਰੇ। ਅਨੀਲ=ਪ੍ਰਾਣ, ਹਵਾ, ਪ੍ਰਾਣਾਂ ਦਾ ਆਸਰਾ, ਪ੍ਰਾਣ ਅਧਾਰ। ਅਨਾਦਿ=ਆਦਿ ਰਹਿਤ।

**ਭਾਵਾਰਥ**—ਤੂੰ ਮਨੁੱਖੀ ਵਿਚਾਰ ਦੀ ਹਦ ਤੋਂ ਉਪਰ ਹੈਂ, ਤੂੰ ਅਪਹੁੰਚ ਹੈਂ, ਤੂੰ ਸਭੰ ਦਾ ਪ੍ਰਾਣ ਅਧਾਰ ਹੈਂ, ਤੇਰਾ ਕੋਈ ਆਦਿ ਅਰੰਭ ਨਹੀਂ ਲਭਦਾ।

**ਕਾਵਿ ਭਾਵਾਰਥ**:—

ਤੂੰ ਵਿਚਾਰਾਂ ਦੀ ਹਦ ਤੋਂ ਪਰੇ ਨਾਲੇ, ਉਚਾ ਸੋਚਣੀ ਤੋਂ, ਤੂੰ ਅਸੰਭ ਦਾਤਾ।
ਨ ਸਰੀਰ ਨ ਸੋਚ ਪੁਜ ਸਕੇ ਤੈਨੂੰ, ਐਸਾ ਪਰੇ ਤੋਂ ਪਰੇ ਅਗੰਭ ਦਾਤਾ।
ਹਰ ਇਕ ਜੀਵ ਦਾ ਤੂੰ ਹੀ ਅਧਾਰ ਪ੍ਰੀਤਮ, ਤੂੰ ਹੀ ਜੀਵਾਂ ਦਾ ਹੈਂ ਪ੍ਰਾਣ ਰੂਪ ਸੁਆਮੀ।
ਤੇਰਾ ਮੁਢ ਅਰੰਭ ਨ ਮਿਲੇ ਕੋਈ, ਹੈਂ ਤੂੰ ਮੁਢੋਂ ਅਨਾਦ ਸਰੂਪ ਸੁਆਮੀ।

**ਅਨਿਤ ਹੈਂ ॥ ਸੁਨਿਤ ਹੈਂ ॥ ਅਜਾਤ ਹੈਂ ॥ ਅਜਾਦ ਹੈਂ ॥੧੪੧॥**

**ਸ਼ਬਦਾਰਥ**—ਅਨਿਤ=ਅਸਾਧਾਰਨ, ਅਲੌਕਿਕ। ਸੁਨਿਤ=ਸਦਾ ਰਹਿਣ ਵਾਲਾ। ਅਜਾਤ=ਜਾਤ ਗੋਤ ਰਹਿਤ। ਜਾਤ=ਜੰਮਿਆ ਹੋਇਆ। ਅਜਾਤ=ਜਿਹੜਾ ਕਦੇ ਜਨਮ ਵਿਚ ਨਾ ਆਇਆ ਹੋਵੇ। ਅਜਾਦ=ਸੁਤੰਤਰ।

**ਭਾਵਾਰਥ**—ਤੂੰ ਸੰਸਾਰ ਦੇ ਕਿਸੇ ਪਦਾਰਥ ਅਥਵਾ ਵਸਤੂ ਵਰਗਾ ਨਹੀਂ ਹੈਂ, ਅਸਾਧਾਰਨ ਹੈਂ, ਤੂੰ ਸਦਾ ਰਹਿਣ ਵਾਲਾ ਹੈਂ, ਜਾਤ ਜਨਮ ਤੋਂ ਮੁਕਤ ਹੈਂ ਤੇ ਪੂਰਨ ਸੁਤੰਤਰ ਹੈਂ, ਕਿਸੇ ਦੇ ਅਧੀਨ ਨਹੀਂ ਹੈਂ।

**ਕਾਵਿ ਭਾਵਾਰਥ**:—

ਤੂੰ ਵਿਸ਼ੇਸ਼ ਹੈਂ, ਖਾਸ, ਅਸਾਧਾਰਨ ਹੈਂ ਤੂੰ, ਏਸ ਦਿਸਦੇ ਸੰਸਾਰ ਤੋਂ ਵਖਰਾ ਏਂ।
ਸਦਾ ਕਾਇਮ ਹੈਂ, ਅਮਰ ਅਬਿਨਾਸ਼ੀ ਹੈਂ ਤੂੰ, ਹਰ ਥਾਂ ਹਾਜ਼ਰ ਹੈਂ, ਫਿਰ ਵੀ ਤੂੰ ਵਖਰਾ ਏਂ।
ਤੇਰੀ ਜਾਤ ਨਹੀਂ ਕੋਈ, ਨ ਕੁਲ ਤੇਰੀ, ਨਾਹੀ ਗੋਤ ਕੋਈ ਹੇ ਅਜਾਤ ਦਾਤਾ।
ਤੂੰ ਨਹੀਂ ਜਨਮਦਾ, ਜਨਮ ਤੋਂ ਮੁਕਤ ਹੈਂ ਤੂੰ, ਤੂੰ ਸੁਤੰਤ੍ਰ ਤੇ ਪੂਰਨ ਅਜ਼ਾਦ ਦਾਤਾ।

—o—



www.AKJ.Org

# ਬਿਦਾਵੇ ਉੱਤੇ ਇੱਕ ਨਜ਼ਰ

## ਅਵਰੁ ਉਪਾਉ ਨ ਕੋਈ ਸੂਝੈ ਨਾਨਕ ਤਰੀਐ ਗੁਰ ਬਚਨੀ (੧੧੮੬)

[ਵਲੋਂ :—ਸੁਕੈਡਰਨ ਲੀਡਰ ਭਾਈ ਸਾਹਿਬ ਰਾਮ ਸਿੰਘ ਜੀ ]

ਕਲਗੀਧਰ ਸੱਚੇ ਪਾਤਸ਼ਾਹ ਜੀ ਦੇ ਸਮੇਂ ਜਦ ਅਨੰਦਪੁਰ ਸਾਹਿਬ ਦਾ ਕਿਲ੍ਹਾ ਲਖੂਖਾਂ ਦੁਸ਼ਮਨਾਂ ਦੇ ਘੇਰੇ ਵਿੱਚ ਸੀ ਤਾਂ ਬਾਹਰੋਂ ਰਸਦ ਆਉਣ ਦੇ ਸਭ ਰਸਤੇ ਬੰਦ ਹੋ ਗਏ। ਜੋ ਖਾਣ ਪੀਣ ਦਾ ਸਾਮਾਨ ਕਿਲ੍ਹੇ ਵਿੱਚ ਮੌਜੂਦ ਸੀ ਉਸ ਨਾਲ ਬਹੁਤ ਲੰਮਾ ਸਮਾਂ ਬਤੀਤ ਨਾ ਹੋ ਸਕਿਆ। ਭੁੱਖ ਨੇ ਸਿੰਘਾਂ ਨੂੰ ਬਹੁਤ ਪਰੇਸ਼ਾਨ ਕੀਤਾ। ਕਿਲ੍ਹੇ ਵਿੱਚ ਮੌਜੂਦ ਦਰੱਖ਼ਤਾਂ ਦੇ ਪੱਤੇ ਅਤੇ ਛਿਲਕੇ ਆਦਿ ਭੀ ਜ਼ਿਆਦਾ ਮਦਦ ਨਾ ਕਰ ਸਕੇ। ਆਖ਼ਰ ਭੁੱਖ ਤੋਂ ਤੰਗ ਆ ਕੇ ਚਾਲੀ ਸਿੰਘਾਂ ਨੇ ਕਲਗੀਧਰ ਜੀ ਪਾਸੋਂ ਘਰਾਂ ਨੂੰ ਵਾਪਸ ਆ ਜਾਣ ਦੀ ਆਗਿਆ ਮੰਗੀ। ਸਚੇ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਹੋਰ ਰੁਕ ਜਾਣ ਲਈ ਕਿਹਾ। ਇਨ੍ਹਾਂ ਸਿੰਘਾਂ ਨੇ ਆਪਣੇ ਸੁੱਖ ਨੂੰ ਮੁੱਖ ਰੱਖ ਕੇ ਗੁਰੂ ਸਾਹਿਬ ਜੀ ਦਾ ਬਚਨ ਨਾ ਮੰਨਿਆ ਅਤੇ ਆਪ-ਹੁਦਰਤਾ ਵਿੱਚ ਗੁਰੂ ਜੀ ਨੂੰ ਅਤੇ ਬਾਕੀ ਸਿੰਘਾਂ ਨੂੰ ਪਿੱਛੇ ਛੱਡਿ, ਘਰਾਂ ਨੂੰ ਪਰਤ ਜਾਣ ਦਾ ਪੱਕਾ ਫ਼ੈਸਲਾ ਕਰ ਲਿਆ।

ਇਨ੍ਹਾਂ ਦਾ ਇਰਾਦਾ ਤੱਕ ਕੇ ਗੁਰੂ ਸਾਹਿਬ ਜੀ ਨੇ ਇਨ੍ਹਾਂ ਨੂੰ ਕਿਹਾ ਕਿ "ਜੇ ਤੁਸੀਂ ਜਾਣਾ ਹੀ ਹੈ ਅਤੇ ਸਾਡਾ ਬਚਨ ਨਹੀਂ ਮੰਨਣਾ ਤਾਂ ਤੁਸੀਂ ਸਾਨੂੰ ਬਿਦਾਵਾ ਲਿਖ ਕੇ ਦੇ ਜਾਓ ਕਿ 'ਤੂੰ ਸਾਡਾ ਗੁਰੂ ਨਹੀਂ ਅਤੇ ਅਸੀਂ ਤੇਰੇ ਸਿਖ ਨਹੀਂ।' ਤਾਂ ਇਨ੍ਹਾਂ ਚਾਲੀਆਂ ਨੇ ਭੁੱਖ ਤੋਂ ਮਜਬੂਰ ਹੋ ਕੇ (ਦੁਨੀਆਵੀ ਸੁਖਾਂ ਨੂੰ ਮੁਖ ਰੱਖਦਿਆਂ ਹੋਇਆਂ) ਗੁਰੂ ਜੀ ਨੂੰ ਬਿਦਾਵਾ ਲਿਖ ਕੇ ਦੇ ਦਿੱਤਾ ਅਤੇ ਕਿਲ੍ਹਾ ਛੱਡ ਘਰਾਂ ਨੂੰ ਪਰਤ ਗਏ। ਇਨ੍ਹਾਂ ਨੂੰ ਬਿਦਾਵਾ ਲਿਖ ਕੇ ਦੇਣ ਲੱਗਿਆਂ ਨੂੰ ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ (Personality) ਬਾਰੇ ਇਹ ਖ਼ਿਆਲ ਨਾ ਆਇਆ ਕਿ ਉਹ ਤਾਂ "ਅਮਰੁ ਵੇਪਰਵਾਹੁ ਹੈ ਤਿਸੁ ਨਾਲਿ ਸਿਆਣਪ ਨ ਚਲਈ ਨ ਹੁਜਤਿ ਕਰਣੀ ਜਾਇ ॥"* ਉਸ ਨਾਲ ਤਾਂ "ਆਪੁ ਛੋਡਿ ਸਰਣਾਇ ਪਵੈ ਮੰਨਿ ਲਏ ਰਜਾਇ"† ਵਾਲਾ ਸਲੂਕ ਹੀ ਕਰਨਾ ਬਣ ਆਉਂਦਾ ਹੈ। ਪਰ ਇਹ ਚਾਲੀ ਆਪਣੀ ਮਤਿ ਨੂੰ ਹੀ ਠੀਕ ਸਮਝ ਕੇ ਅਨੰਦਪੁਰੀ ਛੱਡ ਤੁਰੇ।

ਜਦ ਇਹ ਚਾਲੀ, ਮਾਝੇ ਦੇਸ ਵਿਚ ਪਹੁੰਚ ਕੇ ਮਾਈ ਭਾਗ ਕੌਰ ਜੀ ਨੂੰ ਮਿਲੇ ਤਾਂ ਮਾਤਾ ਜੀ ਨੇ ਇਨ੍ਹਾਂ ਪਾਸੋਂ ਕਲਗੀਧਰ ਪਾਤਸ਼ਾਹ ਜੀ ਦੀ ਸੁੱਖ ਸਾਂਦ ਪੁੱਛੀ ਅਤੇ ਇਨ੍ਹਾਂ ਪਾਸੋਂ ਸਾਰਾ ਹਾਲ ਸੁਣਿਆ। ਮਾਤਾ ਜੀ ਤਾਂ ਗੁਰਸਿਖੀ ਪਿਆਰ ਦੇ ਨਮੂਨੇ ਸਨ। ਹਾਲ ਸੁਣ ਕੇ ਉਨ੍ਹਾਂ ਦੀ ਆਤਮਾ ਬੜੀ ਦੁਖੀ ਹੋਈ। ਮਾਤਾ ਜੀ ਨੇ ਇਨ੍ਹਾਂ ਨੂੰ ਬਹੁਤ ਲਾਅਨਤਾਂ ਪਾਈਆਂ ਅਤੇ ਕਿਹਾ ਕਿ "ਜਿਸ ਜਾਨ ਨੂੰ ਭੁੱਖ ਤੋਂ ਬਚਾਉਣ ਲਈ ਗੁਰੂ ਤੋਂ ਬੇ-ਮੁੱਖ ਹੋ ਆਏ ਜੋ, ਇਸ ਨੂੰ ਕਿਤਨੀ ਕੁ ਦੇਰ ਤਕ ਬਚਾਈ ਰੱਖੋਗੇ ? ਅੰਤ ਨੂੰ ਇਸ ਨੇ ਪੰਚ-ਭੂਤਕੀ ਚੋਲਾ ਛੱਡ ਜਾਣਾ ਹੈ। ਫਿਰ ਤੁਹਾਡਾ ਕੌਣ ਸਹਾਈ ਹੋਵੇਗਾ ? ਤੁਹਾਨੂੰ ਗੁਰੂ ਤੋਂ ਵਿਛੜਿਆਂ ਨੂੰ ਹਰਿ ਦਰਗਹਿ ਢੋਈ ਕੌਣ ਦੇਵੇਗਾ ? ਤੁਹਾਡਾ ਚੁਰਾਸੀ ਦਾ ਗੇੜ ਮੁੱਕ ਨਹੀਂ ਪਾਏਗਾ। [ਇਨ੍ਹਾਂ ਵਿਚਾਰਿਆਂ ਨੂੰ ਸ਼ਾਇਦ ਇਹ ਖ਼ਿਆਲ ਹੀ ਨਹੀਂ ਆਇਆ ਸੀ ਕਿ (ਜੋ) 'ਕੋਇ ਵਿਛੁੜਿ ਜਾਇ ਸਤਿਗੁਰੂ ਪਾਸਹੁ ਤਿਸੁ ਕਾਲਾ ਮੁਹੁ ਜਮਿ ਮਾਰਿਆ।'†] ਤੁਸਾਂ ਗੁਰੂ ਨੂੰ ਪਿੱਠ ਦੇ ਆਉਣ ਵਾਲਾ ਬਹੁਤ ਹੀ ਮਾੜਾ ਕੰਮ ਕੀਤਾ ਹੈ। ਤੁਸਾਡਾ ਭਲਾ ਇਸ ਵਿੱਚ ਹੀ ਹੈ ਕਿ ਵਾਪਸ ਸਤਿਗੁਰਾਂ ਦੀ ਚਰਨੀਂ ਜਾਏ ਪਵੋ ਅਤੇ ਆਪਣੀ ਭੁੱਲ ਬਖਸ਼ਵਾ ਲਵੋ। ਚਲੋ ਮੈਂ ਵੀ ਤੁਹਾਡੇ ਨਾਲ ਚਲਦੀ ਹਾਂ।"

ਮਾਤਾ ਜੀ ਦੇ ਦ੍ਰਿੜ੍ਹ-ਵਿਸ਼ਵਾਸੀ ਬਚਨ ਸੁਣ ਕੇ ਇਨ੍ਹਾਂ ਸਿੰਘਾਂ ਨੂੰ ਆਤਮਕ ਹਲੂਣਾ ਮਿਲਿਆ, ਆਪਣੀ ਕੀਤੀ ਭੁੱਲ ਉੱਤੇ ਪਸਚਾਤਾਪ ਸ਼ੁਰੂ ਹੋ ਗਿਆ, ਇਨ੍ਹਾਂ ਦੀ ਹੋਸ਼ ਮੁੜ ਆਪਣੇ ਠਿਕਾਣੇ ਆ

*ਸਾਰੰਗ ਕੀ ਵਾਰ, ਸਲੋਕ ਮਃ ੩, ਪੰਨਾ ੧੨੫੦-੫੧

†ਵਾਰ ਗਉੜੀ, ਮ: ੪, ਪੰਨਾ ੩੧੨



www.AKJ.Org

ਗਈ ਅਤੇ ਇਹ ਸਾਰੇ ਕਲਗੀਧਰ ਪਾਤਸ਼ਾਹ ਜੀ ਦੀ ਚਰਨੀਂ ਲਗਣ ਲਈ ਮੁੜ ਤਿਆਰ ਹੋ ਗਏ। ਵਾਪਸ ਮੁੜਿਆਂ ਜਾਂਦਿਆਂ ਦੀ, ਮੁਕਤਸਰ ਸਾਹਿਬ ਦੀ ਪਾਵਨ ਧਰਤੀ ਉੱਤੇ, ਗੁਰੂ ਸਾਹਿਬ ਜੀ ਦਾ ਪਿੱਛਾ ਕਰੀ ਆਉਂਦੀ ਮੁਗਲ ਫ਼ੌਜ ਦੇ ਇਕ ਦਸਤੇ ਨਾਲ ਮੁੱਠ-ਭੇੜ ਹੋ ਗਈ। ਇਹ ਸਿੰਘ ਅਤੇ ਮਾਤਾ ਭਾਗ ਕੌਰ ਜੀ ਜਾਨ ਤੋੜ ਕੇ ਲੜੇ। ਫ਼ੌਜੀ ਦਸਤਾ ਵਾਪਸ ਪਰਤ ਗਿਆ।

ਗੁਰੂ ਸਾਹਿਬ ਭੀ ਨਜ਼ਦੀਕ ਹੀ ਇੱਕ ਟਿੱਬੀ ਉੱਤੇ ਇਹ ਜੰਗ ਦੇਖ ਰਹੇ ਸਨ ਅਤੇ ਸਿੰਘਾਂ ਦੀ ਸਹਾਇਤਾ ਵਿਚ ਜਚਵੇਂ ਤੀਰ ਚਲਾ ਰਹੇ ਸਨ। ਲੜਾਈ ਪਿੱਛੋਂ ਜ਼ਖਮੀ ਅਤੇ ਸ਼ਹੀਦ ਸਿੰਘਾਂ ਦੀ ਸੰਭਾਲ ਲਈ ਗੁਰੂ ਜੀ ਮੌਕਿਆ ਉੱਤੇ ਪੁੱਜੇ। ਸ਼ਹੀਦ ਸਿੰਘਾਂ ਨੂੰ ਵਾਰੀ ਵਾਰੀ ਵਰ ਦੇਂਦੇ ਹੋਏ (੩੯ ਸਿੰਘ ਸ਼ਹੀਦ ਹੋ ਚੁੱਕੇ ਸਨ) ਭਾਈ ਮਹਾਂ ਸਿੰਘ ਜੀ ਪਾਸ (ਜੋ ਅਜੇ ਸਹਿਕ ਰਹੇ ਸਨ) ਪਹੁੰਚੇ ਅਤੇ ਕਹਿਓ ਨੇ, "ਸਿੰਘਾ, ਅਸੀਂ ਤੇਰੇ ਉੱਤੇ ਨਿਹਾਲ ਹਾਂ, ਮੰਗ ਕੀ ਮੰਗਦਾ ਹੈਂ ?" ਤਾਂ ਭਾਈ ਮਹਾਂ ਸਿੰਘ ਜੀ ਬੋਲੇ, "ਮੇਰੇ ਨਾਲ ਦੇ ਸਿੰਘਾਂ ਦੀਆਂ ਰੂਹਾਂ ਭਟਕ ਰਹੀਆਂ ਹਨ, ਉਨ੍ਹਾਂ ਨੂੰ ਦਰਗਾਹੇ ਢੋਈ ਨਹੀਂ ਮਿਲ ਰਹੀ। ਆਪ ਜੀ ਦਾ ਬਚਨ ਨਾ ਮੰਨਣ ਕਰਕੇ ਇਸ ਨੌਬਤ ਨੂੰ ਪਹੁੰਚੇ ਹਾਂ। ਆਪ ਜੀ ਕਿਰਪਾ ਕਰਕੇ ਸਾਨੂੰ ਮੁਆਫ਼ ਕਰ ਦਿਉ ਅਤੇ ਸਾਡੀ ਬਾਂਹ ਫੜ ਲਓ।" ਤਾਂ ਗੁਰੂ ਜੀ ਨੇ ਆਪਣੀ ਜੇਬ ਵਿੱਚੋਂ ਬਿਦਾਵੇ ਵਾਲਾ ਕਾਗ਼ਜ਼ ਕੱਢ ਕੇ ਭਾਈ ਮਹਾਂ ਸਿੰਘ ਜੀ ਦੇ ਸਾਹਮਣੇ ਫਾੜ ਕੇ ਇਨ੍ਹਾਂ ਚਾਲੀਆਂ ਦੀ ਟੁੱਟੀ ਗੰਢ ਲਈ ਅਤੇ ਇਨ੍ਹਾਂ ਨੂੰ **'ਚਾਲੀ ਮੁਕਤੇ'** ਦਾ ਖ਼ਿਤਾਬ ਦਿੱਤਾ। ਤਾਂ ਤੁਰਤ ਹੀ ਭਾਈ ਮਹਾਂ ਸਿੰਘ ਜੀ ਭੀ ਆਪਣੇ ਨੇਤਰਾਂ ਦੁਆਰਾ ਗੁਰ-ਚਰਨਾਂ ਨੂੰ ਗਲਵੱਕੜੀ ਪਾ ਕੇ ਸਦੀਵੀ ਨੀਂਦ ਸੌਂ ਗਏ।

ਆਮ ਪ੍ਰਚਾਰਕਾਂ ਦਾ ਇਸ ਪ੍ਰਸੰਗ ਨੂੰ ਸੁਣਾਉਣ ਦਾ ਮਨੋਰਥ ਇਹ ਦੱਸਣ ਦਾ ਹੁੰਦਾ ਹੈ ਕਿ ਗੁਰੂ ਸਾਹਿਬ ਬੜੇ ਕਿਰਪਾਲੂ ਹਨ, ਸ਼ਰਨ ਆਇਆਂ ਦੀ ਲਾਜ ਰੱਖਣਹਾਰ ਹਨ ਅਤੇ ਟੁੱਟੀ ਗੰਢਣਹਾਰ ਹਨ। ਗੁਰੂ ਸਾਹਿਬ ਜੀ ਦੀ ਵਡਿਆਈ ਤਾਂ ਗੁਰੂ ਸਾਹਿਬ ਜੀ ਦੇ ਹਰ ਚੋਜ ਵਿਚ ਪ੍ਰਗਟ-ਪਹਾਰੇ ਅਪਰ ਅਪਾਰ ਨਜ਼ਰ ਆਉਂਦੀ ਹੈ। ਉਹ ਤਾਂ ਹਨ ਹੀ ਮਹਾਂ ਦਇਆਲੂ ਅਤੇ ਬਖ਼ਸ਼ਿੰਦ। ਜੋ ਭੀ (ਭਾਵੇਂ ਕਿਤਨਾ ਹੀ ਪਾਪੀ ਕਿਉਂ ਨਾ ਹੋਵੇ) ਗੁਰੂ ਜੀ ਦੀ ਸ਼ਰਨੀ ਆ ਪੈਂਦਾ ਹੈ, ਗੁਰੂ ਜੀ ਉਸ ਨੂੰ ਬਖ਼ਸ਼ਨਹਾਰ ਹਨ ਅਤੇ ਤਾਰਨਹਾਰ ਹਨ। ਪਰ ਅਸਾਂ ਬਿਦਾਵੇ ਵਾਲੇ ਪ੍ਰਸੰਗ ਦਾ ਇਕ ਹੋਰ ਪਹਿਲੂ ਵੀਚਾਰਨਾ ਹੈ, ਜੋ ਜ਼ਿਆਦਾ ਧਿਆਨ ਦੇਣ ਯੋਗ ਹੈ।

ਗੁਰੂ ਜੀ ਦੀ ਮਰਜ਼ੀ ਨਾਲ ਚੱਲਣ ਦੇ ਲਾਭ ਨੂੰ ਅਤੇ ਆਪਣੀ ਮਨ-ਮਰਜ਼ੀ ਨਾਲ ਚੱਲਣ ਦੇ ਨੁਕਸਾਨ ਨੂੰ ਸਾਰੇ ਜਗਤ ਨੂੰ ਸਪੱਸ਼ਟ ਤੌਰ ਤੇ ਦੱਸਣ ਲਈ, ਗੁਰੂ ਜੀ ਨੇ ਪਰਲੇ ਦਰਜੇ ਦੇ ਕਸ਼ਟ ਸਹਾਰ ਕੇ, ਸਾਰਾ ਸਰਬੰਸ ਵਾਰ ਕੇ, ਬੇਅੰਤ ਹੀਰੇ ਸਿੰਘਾਂ ਦੀਆਂ ਸ਼ਹੀਦੀਆਂ ਦੇ ਕੇ ਇਹ ਬਿਦਾਵੇ ਵਾਲਾ ਪ੍ਰਸੰਗ ਰਚਿਆ ਤਾਂ ਜੁ ਸੰਸਾਰ ਇਸ ਨੂੰ ਭੁੱਲ ਨਾ ਜਾਏ। ਇਹ ਖ਼ੂਨ (ਪਾਵਨ ਖ਼ੂਨ) ਦੀ ਸਿਆਹੀ ਨਾਲ ਲਿਖਿਆ ਹੋਇਆ ਸਾਕਾ ਪੜ੍ਹ ਸੁਣ ਕੇ 'ਵਾਹ ਵਾਹ ਵਾਹ ਵਾਹ' ਕਰਨ ਲਈ ਜਾਂ ਕਿਸੇ ਸ਼ਰੇਣੀ ਉੱਤੇ ਰੋਸ ਕਰਨ ਲਈ ਨਹੀਂ ਹੈ। ਇਹ ਪ੍ਰਸੰਗ ਤਾਂ ਸਾਡੇ ਲਈ ਅਤੇ ਸਾਡੀਆ ਆਉਣ ਵਾਲੀਆਂ ਨਸਲਾਂ ਲਈ (ਰਹਿੰਦੀ ਦੁਨੀਆ ਤੱਕ) ਆਪਣਾ ਬਚਾਅ ਕਰਨ ਹਿਤ (ਮਾਣਸ ਜਨਮ ਦਾ ਅਸਲੀ ਮੰਤਵ ਪੂਰਾ ਕਰਨ ਹਿਤ), ਭਾਵ ਕਿ ਹਰਿ ਦਰਗਹਿ ਪਤਿ ਸਿਉਂ ਜਾਣ ਦੀ ਸੋਝੀ ਪਾਉਣ ਹਿਤ ਸਤਿਗੁਰੂ ਜੀ ਨੇ ਰਚਿਆ ਹੈ। **ਇਹ ਬਿਦਾਵੇ ਵਾਲਾ ਸਾਕਾ**, ਖ਼ਾਲਸੇ ਦਾ ਹੱਡ-ਬੀਤੀ ਸਾਕਾ, ਕਲਗੀਧਰ ਪਾਤਸ਼ਾਹ ਜੀ ਦਾ ਇਕ ਖ਼ਾਸੁਲ ਖ਼ਾਸ, ਸਬਕ-ਆਮੋਜ਼ ਅਤੇ ਕਦੇ ਨਾ ਭੁੱਲਣ ਵਾਲਾ **ਇਤਿਹਾਸਕ-ਚੋਜੀ-ਹੁਕਮਨਾਮਾ ਹੈ।** ਉਹ ਕੀ ?

ਇਹ ਪ੍ਰਸੰਗ (ਹੁਕਮ) ਸਾਨੂੰ ਖ਼ਬਰਦਾਰ ਕਰਦਾ ਹੈ ਅਤੇ ਚੁਰਾਸੀ ਤੋਂ ਬਚਣ ਦਾ ਰਸਤਾ ਦਸਦਾ ਹੈ। ਉਹ ਕੇਵਲ ਇਕ ਹੀ ਰਸਤਾ ਹੈ। ਕਿਹੜਾ ? **ਗੁਰੂ ਅਨੁਸਾਰੀ ਹੋਣਾ** ਅਤੇ ਜੀਵਨ ਭਰ



www.AKJ.Org

**ਗੁਰੂ ਅਨੁਸਾਰੀ ਬਣੇ ਰਹਿਣਾ।** ਬੱਸ! ਇਸ ਤੋਂ ਜ਼ਰਾ ਭਰ ਭੀ ਏਧਰ ਓਧਰ ਹੋਣ ਵਿਚ ਬਚਾਅ ਨਹੀਂ ਹੈ। ਗੁਰੂ ਅੱਗੇ ਹੁੱਜਤ (Argument) ਬਹਿਸ ਮੁਬਾਹਸਾ ਜਾਂ ਆਪਣੀ ਚਤੁਰਾਈ ਨਹੀਂ ਚਲਦੀ। ਏਥੇ ਤਾਂ "ਜੇ ਕੋ ਭਲਾ ਲੋੜੈ ਭਲ ਅਪਨਾ ਗੁਰ ਆਗੈ ਢਹਿ ਢਹਿ ਪਾਵੈਗੋ* ॥" ਇਸ ਉੱਤੇ ਹੀ ਡਟ ਜਾਣ ਦੀ ਲੋੜ ਹੈ। ਆਪਣੀ ਅਕਲ, ਜਿਸ ਨੂੰ ਅਸੀਂ ਗੁਰੂ ਘਰ ਵਿਚ ਭੀ ਢਾਕੇ ਟੰਗੀ ਫਿਰਦੇ ਹਾਂ, ਇਕ ਪਾਸੇ ਸੁੱਟ ਕੇ ਕੇਵਲ "ਜੋ ਗੁਰੁ ਕਹੈ ਸੋਈ ਭਲ ਮਾਨਹੁ...†" ਨੂੰ ਹਰ ਦਮ ਯਾਦ ਰੱਖਣ ਦੀ ਲੋੜ ਹੈ। ਇਹ ਪ੍ਰਸੰਗ ਸਾਡੇ ਲਈ ਸ਼ੀਸ਼ਾ ਹੈ।

ਇਸ ਸ਼ੀਸ਼ੇ ਨੂੰ ਸਾਹਮਣੇ ਰੱਖ ਕੇ ਆਓ ਖਾਂ ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਦੇਖੀਏ ਕਿ ਅਸੀਂ ਕਿਤਨੇ ਕੁ ਪਾਣੀ ਵਿਚ ਹਾਂ। ਚਾਲੀ ਸਿੰਘਾਂ ਨੂੰ ਤਾਂ ਭਲਾ ਭੁੱਖ ਨੇ ਤੰਗ ਕੀਤਾ ਅਤੇ ਉਹ ਗੁਰੂ ਜੀ ਨੂੰ ਪਿੱਠ ਦੇ ਕੇ ਗੁਰੂ ਜੀ ਤੋਂ ਮੂੰਹ ਫੇਰ ਗਏ। ਸਾਨੂੰ ਕਿਸ ਨੇ ਮਜਬੂਰ ਕੀਤਾ ਹੈ ਜੋ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ (ਸਚੇ ਸਤਿਗੁਰੂ ਪਰਗਟ ਗੁਰਾਂ ਕੀ ਦੇਹ) ਜੀ ਦੇ ਪਾਵਨ ਲੜੀਦਾਰ ਸਰੂਪ ਨੂੰ ਪਿੱਠ ਦੇ ਬੈਠੇ ਹਾਂ? ਸਾਨੂੰ ਭੀ ਭੁੱਖ ਨੇ ਹੀ ਹੀ ਮਜਬੂਰ ਕੀਤਾ ਹੈ। ਇਹ ਭੁੱਖ ਹੈ ਮਾਇਆ ਦੀ ਅਤੇ ਸੁਖਿਆਰੇ ਸਿਖਾਂ ਦੀ ਵਾਹ ਵਾਹ ਦੀ। ਸਾਨੂੰ ਗੁਰੂ ਨਾਲ ਪਿਆਰ ਨਹੀਂ ਹੈ, ਨਾ ਹੀ ਗੁਰਸਿਖੀ ਨਾਲ ਪਿਆਰ ਹੈ, ਨਾ ਗੁਰੂ ਦਾ ਭੈ ਹੈ ਅਤੇ ਨਾ ਹੀ ਗੁਰੂ ਦੀ ਪ੍ਰਵਾਹ ਹੈ। ਅਤੇ ਨਾ ਹੀ ਗੁਰਮਤਿ ਅਨੁਸਾਰ ਗੁਰਸਿਖੀ ਦਾ ਪ੍ਰਚਾਰ ਕਰਨ ਦਾ ਚਾਅ ਹੈ। ਸਾਨੂੰ ਤਾਂ ਚਾਹੀਦੀ ਹੈ ਮਾਇਆ। ਜਿਸ ਤਰ੍ਹਾਂ ਭੀ ਮਿਲੇ. ਠੀਕ ਹੈ। **ਗੁਰਸਿੱਖੀ ਢਿੱਲੀ** ਜਾਂ ਕਮਜ਼ੋਰ ਪੈ ਜਾਣ ਦੀ ਪ੍ਰਵਾਹ ਨਹੀਂ ਹੈ। ਸਾਨੂੰ ਤਾਂ ਕੇਵਲ ਗਾਹਕੀ ਵਧਾਉਣ ਅਤੇ ਆਪਣੀ ਚਤੁਰਾਈ ਦਿਖਲਾਉਣ ਦਾ ਹੀ ਖਿਆਲ ਹੈ।

ਤਾਹੀਓਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਦ-ਛੇਦ ਸਰੂਪ ਛਾਪਣ ਵਾਲਿਆਂ ਠੇਕੇਦਾਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਣਲਿਖਿਆ ਬਿਦਾਵਾ ਦੇ ਦਿਤਾ ਜਾਪਦਾ ਹੈ ਕਿ—**ਐ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦੇ ਧੁਰ-ਧੁਰੰਦਰੀ ਮਾਲਕ ਲੜੀ-ਦਾਰ ਦਰਸ਼ਨ ਬਖਸ਼ਣਹਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਓ, ਭਾਵੇਂ ਕਲਗੀਧਰ ਪਾਤਸ਼ਾਹ ਜੀ ਨੇ ਆਪ ਜੀ ਨੂੰ ਮੱਥਾ ਟੇਕ ਕੇ ਸਿਖਾਂ ਨੂੰ ਹੁਕਮਨਿ ਆਪ ਜੀ ਦੇ ਲੜ ਲਾਇਆ ਸੀ, ਪਰ ਸਾਨੂੰ ਅਤੇ ਸਾਡੇ ਸੁਖਿਆਰੇ ਸਿਖ ਗਾਹਕਾਂ ਨੂੰ ਆਪ ਜੀ ਦੇ ਦਰਸ਼ਨ ਕਰਨ ਵਿਚ ਬੜੀ ਦਿੱਕਤ ਪੇਸ਼ ਆਉਂਦੀ ਹੈ। ਅਸੀਂ ਮਜਬੂਰ ਹਾਂ। ਸਾਥੋਂ ਇਹ ਦਿੱਕਤ ਹੋਰ ਨਹੀਂ ਸਹਾਰੀ ਜਾਂਦੀ, ਸਾਨੂੰ ਤੁਹਾਡਾ ਸਰੂਪ ਰਾਸ ਨਹੀਂ ਬੈਠਦਾ, ਇਸ ਲਈ ਅਸੀਂ 'ਆਪ ਜੀ ਨਾਲੋਂ ਆਪਣਾ ਸਨਬੰਧ ਤੋੜਦੇ ਹਾਂ।' ਅਸੀਂ ਅਤੇ ਸਾਡੇ ਸੁਖਿਆਰੇ ਗਾਹਕ, ਜਿਹੜ ਕਿ ਖ਼ੁਸ਼ੀ ਨਾਲ ਸਾਡੇ ਖ਼ਜ਼ਾਨੇ ਭਰ ਰਹੇ ਹਨ, ਪਦ-ਛੇਦ ਸਰੂਪ ਨਾਲ ਬੜੇ ਖ਼ੁਸ਼ ਅਤੇ ਸੌਖੇ ਹਨ। ਤੁਸੀਂ ਹੁਣ ਆਪਣਾ ਬਿਲਾ ਕਰੋ।"**

ਗੁਰੂ ਤੋਂ ਬੇਮੁਖਤਾਈ ਦੇ ਕਾਰਨ ਆਪਣਾ ਤਾਂ ਇਨ੍ਹਾਂ ਪਦ-ਛੇਦੀਆਂ ਨੇ ਨਾਸ ਕਰ ਹੀ ਲਿਆ ਹੈ। ਆਪਣੇ ਨਾਲ ਨਾਲ ਅਨਭੋਲ ਸਿਖ ਜਨਤਾ ਦੀ ਬੇੜੀ ਵਿਚ ਭੀ ਵੱਟੇ ਪਾ ਕੇ, ਇਨ੍ਹਾਂ ਨੂੰ ਤੱਤ ਗੁਰਮਤਿ ਤੋਂ ਦੁਰੇਡੇ ਲਿਜਾ ਰਹੇ ਹਨ। ਹਰ ਪਦ-ਛੇਦ ਪਾਠੀ ਸਮਝਦਾ ਹੈ ਕਿ ਮੈਂ ਸ਼ੁੱਧ ਪਾਠ ਕਰਦਾ ਹਾਂ (ਇਹ ਸੂਖਸ਼ਮ ਹਉਮੈ ਹੈ) ਅਤੇ ਦੂਸਰਿਆਂ ਪਾਠੀਆਂ ਨੂੰ ਸਮਝਦਾ ਹੈ ਕਿ ਉਹ ਅਸ਼ੁਧ ਪਾਠ ਕਰਦੇ ਹਨ (ਇਹ ਦੂਸਰਿਆਂ ਦੀ ਸੂਖਸ਼ਮ ਨਿੰਦਿਆ ਹੈ)। ਪਦ-ਛੇਦ ਪਾਠ ਤੋਂ ਇਹੋ ਕੁਝ ਪੱਲੇ ਪੈਂਦਾ ਹੈ। ਪਦ-ਛੇਦੀਆਂ ਦੇ ਭੀ ਕਈ ਟੋਲੇ ਹਨ। ਮਹਿੰਗਿਆਂ ਸ਼ਬਦਾਂ ਦੇ ਨਿਖੇੜ ਬਾਰੇ ਇਕ ਟੋਲਾ ਦੂਜੇ ਨਾਲ ਸਹਿਮਤ ਨਹੀਂ ਹੈ (ਦੇਖੋ ਸੂਰਾ ਅਗਸਤ ੭੭)। ਪਰ ਧੁਰ ਕੀ ਆਈ ਬਾਣੀ ਦਾ ਸੁਧ ਪਾਠ ਤਾਂ ਇਕ ਹੀ ਪ੍ਰਕਾਰ ਦਾ ਹੈ। ਇਹ ਤਾਂ ਬਹੁ-ਪ੍ਰਕਾਰੀ ਪਾਠ ਨਹੀਂ ਹੈ। ਜਦ ਇਨ੍ਹਾਂ ਸਾਰਿਆਂ ਟੋਲਿਆਂ ਵਿਚ ਪਾਠ ਦੇ ਨਿਖੇੜ ਬਾਰੇ ਮਤਿ-ਭੇਦ ਹੈ ਤਾਂ ਕਿਹੜਾ ਟੋਲਾ ਸ਼ੁੱਧ ਪਾਠ ਕਰਦਾ

---

*ਕਾਨੜਾ ਮ: ੪, ਪੰਨਾ ੧੩੧੦
†ਧਨਾਸਰੀ ਮ: ੪, ਪੰਨਾ ੬੬੭



www.AKJ.Org

ਹੋਊ ? ਇਹ ਸਾਰੇ ਦੇ ਸਾਰੇ ਤਾਂ ਸ਼ੁੱਧ ਪਾਠ ਕਰਦੇ ਹੋਏ ਨਹੀਂ ਕਹੇ ਜਾ ਸਕੀਦੇ। ਤਾਂ ਫਿਰ ਪਦ-ਛੇਦ ਸਰੂਪ ਤੋਂ ਪਾਠ ਕਰਨਾ ਤਾਂ ਅਵੱਸ਼ ਹੀ ਅਸ਼ੁਧ ਪਾਠ ਕਰਨ ਵਾਲੀ ਗੱਲ ਬਣ ਜਾਂਦੀ ਹੈ।

ਸ਼ੁੱਧ ਪਾਠ ਦੀ ਸੋਝੀ ਕੇਵਲ ਲੜੀਦਾਰ ਅਥਾਹ ਭੰਡਾਰ ਵਿੱਚੋਂ ਉਨ੍ਹਾਂ ਗੁਰਮੁਖਿ ਜਨਾਂ ਨੂੰ ਹੀ ਪਏਗੀ ਜਿਨ੍ਹਾਂ ਉੱਤੇ ਸਤਿਗੁਰ ਮੇਹਰ ਦੀ ਨਦਰ ਕਰਨਗੇ। ਲੜੀਦਾਰ ਸਰੂਪ ਤੋਂ ਪਾਠ ਕਰਨ ਵਾਲੇ ਪ੍ਰੇਮੀਆਂ ਉਤੇ ਹਉਮੈ ਅਤੇ ਨਿੰਦਿਆ ਵਾਲਾ ਦੂਸ਼ਨ ਤਾਂ ਲੱਗ ਹੀ ਨਹੀਂ ਸਕਦਾ, ਕਿਉਂਕਿ ਉਨ੍ਹਾਂ ਦੇ ਤਾਂ ਖ਼ਾਬੋ ਖ਼ਿਆਲ ਵਿਚ ਵੀ ਨਹੀਂ ਆਉਂਦਾ ਕਿ ਅਸੀਂ ਸ਼ੁੱਧ ਪਾਠ ਕਰਦੇ ਜਾਂ ਕਰ ਸਕਦੇ ਹਾਂ, ਤਾਂ ਦੂਸਰਿਆਂ ਨੂੰ ਓਹਨਾਂ ਕੀ ਕਹਿਣਾ ਹੋਇਆ ? ਇਹ ਗੁਰੂ ਪਿਆਰੇ ਤਾਂ ਬੜੇ ਨਿਰਮਾਣ ਹੋ ਕੇ, ਖੜੋ ਕੇ, ਹੱਥ ਜੋੜ ਕੇ, ਨੈਣ ਮੁੰਦ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੂਹਰੇ ਗਲ ਪੱਲਾ ਪਾ ਕੇ ਤਰਲਿਆਂ ਭਰੀ ਅਰਦਾਸ ਕਰਦੇ ਹਨ, ਕਿ ਹੇ ਸਮਰੱਥ ਪਰਤੱਖ, ਜ਼ਾਹਰਾ ਜ਼ਹੂਰ, ਸਰਬ ਕਲਾ ਭਰਪੂਰ ਸਚੇ ਸਤਿਗੁਰੂ ਜੀਓ, ਆਪ ਜੀ ਦੀ ਪਾਵਨ ਗੁਰਬਾਣੀ, ਇਹ ਧੁਰ ਕੀ ਆਈ ਅਥਾਹ ਅਗਾਧ ਬੋਧ ਬਾਣੀ ਦਾ ਸ਼ੁਧ ਪਾਠ ਕਰਨਾ ਅਸਾਂ ਅਲਪੱਗ ਜੀਵਾਂ ਲਈ ਅਸੰਭਵ ਹੈ। ਇਸ ਲਈ ਆਪ ਜੀ ਕਿਰਪਾ ਕਰੋ, ਦਾਸਾਂ ਦੀਆਂ ਪਾਠ ਕਰਦਿਆਂ ਹੋਇਆਂ ਹੋ ਗਈਆਂ ਭੁੱਲਾਂ ਬਖਸ਼ੋ ਜੀ ਅਤੇ ਅੱਗੇ ਤੋਂ ਸ਼ੁੱਧ ਪਾਠ ਕਰਨ ਦੀ ਸੋਝੀ ਬਖਸ਼ੋ। ਇਸ ਪ੍ਰਕਾਰ ਦੀਆਂ ਨਿਰਮਾਣ ਅਤੇ ਗੁਰਸਿੱਖੀ ਪਿਆਰ ਭਰੀਆਂ ਜੋਦੜੀਆਂ ਗੁਰੂ ਕੇ ਲਾਲ ਕਰਦੇ ਹੀ ਰਹਿੰਦੇ ਹਨ।

ਇਹ ਜੋਦੜੀਆਂ ਗੁਰ-ਆਸ਼ੇ ਅਨੁਸਾਰ ਹਨ। ਯਥਾ : "ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ* ॥" ਨਾ ਖ਼ੁਦ ਮਾਣ ਕਰਦੇ ਹਨ ਅਤੇ ਨਾ ਹੀ ਕਿਸੇ ਪਾਠੀ ਦੀ ਨਿੰਦਿਆ ਕਰਦੇ ਹਨ। ਤਾਹੀਓਂ ਹੀ ਇਸ ਪ੍ਰਕਾਰ ਦੀਆਂ ਅਰਦਾਸਾਂ ਸੁਣਨਹਾਰੇ ਨੇ, ਆਪਣੇ ਲਾਡਲੇ ਤੱਤ ਗੁਰਸਿਖਾਂ ਪ੍ਰਤੀ ਹੀ ਕਿਹਾ ਹੈ ਕਿ "ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ† ।" ਕੈਸਾ ਲਾਭ ਹੈ ਤੱਤ ਗੁਰਸਿਖੀ ਇਖ਼ਤਿਆਰ ਕਰਨ ਦਾ। ਤਾਂ ਤੇ ਅੰਮ੍ਰਿਤ ਛਕ ਕੇ, ਭੈ-ਭਾਵਨੀ ਸਹਿਤ ਗੁਰਸਿਖੀ ਰਹਿਤ-ਮਰਯਾਦਾ ਵਿਚ ਵਿਚਰਦਿਆਂ ਹੋਇਆਂ ਲੜੀਦਾਰ ਸਰੂਪ ਤੋਂ ਪਾਠ ਕਰਨਾ ਹੀ ਗੁਰੂ ਆਸ਼ੇ ਅਨੁਸਾਰ ਬਣ ਆਉਂਦਾ ਹੈ।

ਪਦ-ਛੇਦ ਸਰੂਪ ਛਾਪਣ ਵਾਲਿਆਂ ਨੂੰ ਤਾਂ ਮਾਇਆ ਦੀ ਹੀ ਭੁੱਖ ਹੈ। ਅਤੇ ਮਾਇਆ ਜ਼ਿਆਦਾ ਗਾਹਕੀ ਤੋਂ ਹੀ ਇਕੱਠੀ ਹੋ ਸਕਦੀ ਹੈ। ਨਹੀਂ ਤਾਂ ਸ਼ਰੋਮਣੀ ਕਮੇਟੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਾਲਿਆਂ ਨੂੰ ਕੀ ਲੋੜ ਪਈ ਸੀ ਮਨਮਤਿ ਅਧੀਨ ਹੋ ਕੇ ਪਦ-ਛੇਦ ਸਰੂਪ ਛਾਪਣ ਦੇ ਕਮਰਕੱਸੇ ਕਰਨ ਦੀ ? ਇਹ ਕੋਝਾ ਕੰਮ ਤਾਂ ਮਾਈ ਸੇਵਾਂ (ਅੰਮ੍ਰਿਤਸਰ) ਦੇ ਬਜ਼ਾਰ ਵਾਲੇ ਵਪਾਰੀ ਸਿਖ ਪਹਿਲੋਂ ਤੋਂ ਹੀ ਕਾਫ਼ੀ ਕਰ ਰਹੇ ਸਨ। ਲੋੜ ਤਾਂ ਇਹ ਸੀ ਕਿ ਬਜ਼ਾਰੀ ਵਪਾਰੀਆਂ ਨੂੰ ਇਸ ਕੰਮੋਂ ਰੋਕਿਆ ਜਾਂਦਾ। ਪਰ ਇਹ ਮੋਢੀ ਆਪ ਹੀ ਉਨ੍ਹਾਂ ਨਾਲ ਰਲ ਗਏ। ਇਹ ਸੰਸਥਾਵਾਂ, ਮਾਈ ਸੇਵਾਂ ਦੇ ਬਾਜ਼ਾਰ ਵਿਚ ਮਾਇਆ ਦੀ ਲੁੱਟ ਮਚੀ ਵੇਖ ਕੇ ਜਰ ਨਹੀਂ ਸੱਕੀਆਂ। ਇਨ੍ਹਾਂ ਨੇ ਇਸ ਲੁੱਟ ਵਿੱਚੋਂ ਆਪਣੇ ਹੱਥ ਰੰਗਣ ਲਈ ਕਈ ਬਹਾਨੇ ਬਣਾਏ ਅਤੇ ਕਿਹਾ:—

੧. ਬਜ਼ਾਰੀ ਸਿੱਖ ਗੁਰੂ ਨੂੰ ਵੇਚ ਰਹੇ ਹਨ,
੨. ਬਜ਼ਾਰੀ ਸਿੱਖ ਗੁਰੂ ਦਾ ਸਤਿਕਾਰ ਨਹੀਂ ਕਰਦੇ,
੩. ਬਜ਼ਾਰੀ ਸਿੱਖ ਗੁਰੂ ਨਾਲ ਕਿਤਾਬ ਵੱਤ ਸਲੂਕ ਕਰਦੇ ਹਨ,
੪. ਇਨ੍ਹਾਂ ਸਰੂਪਾਂ ਵਿੱਚ ਛਾਪੇ ਦੀਆਂ ਬਹੁਤ ਗਲਤੀਆਂ ਹਨ,
੫. ਛਾਪੇਖ਼ਾਨੇ ਵਿਚ ਗੁਰਬਾਣੀ ਦੇ ਪੱਤਰੇ ਪੈਰਾਂ ਥੱਲੇ ਆਉਂਦੇ ਹਨ,
੬. ਇਤਿ ਆਦਿ ਕਈ ਹੋਰ ਫੋਲਣੇ ਫੋਲੇ।

---

*ਆਸਾ ਮ: ੩ ਛੰਤ, ਅੰਕ ੭, ਪੰਨਾ ੪੪੧

†ਆਸਾ ਮ: ੪ ਛੰਤ, ਅੰਕ ੧੯–੧, ਪੰਨਾ ੪੫੦



www.AKJ.Org

ਉਪਰ ਦਰਸਾਈ ਬੇਅਦਬੀ ਨੂੰ ਰੋਕਣ ਲਈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਬਹਾਲ ਕਰਨ ਦੇ ਬਹਾਨੇ,ਗੁਰੂ ਗ੍ਰੰਥ ਸਾਹਿਬ ਭਵਨ(ਅੰਬਾਲਾ) ਦਾ ਬੁਨਿਆਦੀ ਪੱਥਰ ਰੱਖ ਲਿਆ। ਸ਼ਰਧਾਲੂ ਸੰਗਤਾਂ ਨੇ ਮਾਇਆ ਦੇ ਬੇਅੰਤ ਗੱਫੇ ਭੇਜਣੇ ਸ਼ੁਰੂ ਕਰ ਦਿੱਤੇ। ਪਰ ਇਹ ਸਭ ਕੁਝ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਦ-ਛੇਦ ਸਰੂਪ ਛਾਪਣ ਨੂੰ ਹੀ ਕੀਤਾ ਗਿਆ ਜਾਪਦਾ ਹੈ, ਕਿਉਂ ਕਿ ਕਹਿੰਦੇ ਸੁਣੀਂਦੇ ਹਨ ਕਿ "ਪਬਲਿਕ ਦੀ ਮੰਗ ਪਦ-ਛੇਦ ਸਰੂਪਾਂ ਦੀ ਹੀ ਹੈ। ਐਸਾ ਹੀ ਰਿਵਾਜ ਹੋ ਗਿਆ ਹੈ। ਲੜੀਦਾਰ ਸਰੂਪ ਛਾਪ ਕੇ ਕੀ ਕਰੀਏ, ਕੋਈ ਲੈਂਦਾ ਹੀ ਨਹੀਂ ਹੈ?".

ਏਥੇ ਤਾਂ ਗੱਲ ਹੈ ਰਿਵਾਜ ਦੀ ਅਤੇ ਗਾਹਕੀ ਦੀ—ਨਾ ਗੁਰੂ ਦੀ ਨਾ ਗੁਰੂ ਦੇ ਸਤਿਕਾਰ ਦੀ ਅਤੇ ਨਾ ਹੀ ਗੁਰਸਿੱਖੀ ਦੇ ਪਰਚਾਰ ਦੀ। ਇਨ੍ਹਾਂ ਨੂੰ ਕੋਈ ਪੁੱਛੇ ਕਿ ਤੁਸੀਂ ਨਵੀਆਂ ਦੁਕਾਨਾਂ ਅਤੇ ਨਵੇਂ ਭਵਨ ਖੋਲ੍ਹ ਕੇ ਗੁਰੂ ਦਾ ਕਿਹੜਾ ਅਦਬ ਅਤੇ ਸਤਿਕਾਰ ਬਹਾਲ ਕੀਤਾ ਹੈ? ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਰੱਬ-ਰਜਾਏ-ਧੁਰੋਂ-ਹੁਕਮਾਏ ਮਾਲਕ ਲੜੀਦਾਰ ਸਰੂਪ ਬਖ਼ਸ਼ਣਹਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਾਂ ਬੇਅੰਤ ਗੁਰਦਵਾਰਿਆਂ ਵਿੱਚੋਂ ਬਾਹਰ ਕੱਢ ਕੇ ਬੱਸ ਕੀਤੀ ਹੈ। ਪੁਰਾਤਨ ਚਾਲੀ ਸਿੰਘਾਂ ਨੇ ਤਾਂ ਬਿਦਾਵਾ ਲਿਖ ਕੇ ਗੁਰੂ ਜੀ ਨੂੰ ਗੁਰ-ਦਰਬਾਰ ਵਿਚ ਹੀ ਰਹਿਣ ਦਿੱਤਾ ਸੀ ਅਤੇ ਆਪ ਗੁਰ-ਦਰਬਾਰੋਂ ਬਾਹਰ ਨਿਕਲ ਤੁਰੇ ਸਨ। ਪਰ ਹੁਣ ਦੇ ਪਦ-ਛੇਦੀ ਬੇਦਾਵੀਆਂ ਨੇ ਤਾਂ ਹੱਦ ਕਰ ਦਿਤੀ ਹੈ। ਇਨ੍ਹਾਂ ਨੇ ਗੁਰੂ ਨੂੰ ਹੀ ਗੁਰਦਵਾਰਿਆਂ, ਧਰਮਸਾਲਾਂ ਤੇ ਘਰਾਂ ਵਿਚੋਂ ਬਾਹਰ ਕੱਢ ਕੇ ਰੱਖ ਦਿੱਤਾ ਹੈ, ਅਤੇ ਆਪ ਗੁਰਦਵਾਰੇ ਮੱਲ ਕੇ ਬੈਠ ਗਏ ਹਨ। ਕੁਝ ਕੁ ਸਰੂਪਾਂ ਨੂੰ ਸ਼ੈਲਫ਼ਾਂ ਵਿਚ ਟਿਕਾ ਦਿੱਤਾ ਨੇ ਅਤੇ ਕੁਝ ਕੁ ਥਾਵਾਂ ਤੇ ਅਲਮਾਰੀਆਂ ਵਿਚ ਵੀ ਬਿਸਰਾਮ ਕਰ ਰਹੇ ਪਾਵਨ ਲੜੀਦਾਰ ਸਰੂਪ ਦੇਖਣ ਸੁਣਨ ਵਿਚ ਆਏ ਹਨ ਅਤੇ ਬੇਅੰਤ ਸਰੂਪਾਂ ਨੂੰ ਸੰਭਾਲਣ ਦੀ ਖੇਚਲ ਤੋਂ ਬਚਣ ਲਈ ਬੈਸੰਤਰ ਦੇ ਹਵਾਲੇ ਕਰ ਦਿੱਤਾ ਗਿਆ ਹੈ ਅਤੇ ਕਰੀ ਜਾ ਰਹੇ ਹਨ।

ਪਦ-ਛੇਦ ਸਰੂਪ ਪ੍ਰਚਲਤ ਕਰ ਕੇ ਚਤੁਰਾਈ ਅਤੇ ਹਉਮੈ ਦਾ ਪ੍ਰਚਾਰ ਆਰੰਭ ਕਰ ਲਿਆ ਹੈ। ਗੁਰਬਾਣੀ ਸਸਤੀ (cheap) ਕਰ ਦਿੱਤੀ ਹੈ। ਗੁਰੂ ਸਾਹਿਬ ਨੂੰ ਆਮ ਪੁਸਤਕ ਵੱਤ ਬਣਾ ਦਿੱਤਾ ਹੈ। ਜਿਸ ਦੀ ਮਰਜ਼ੀ ਹੈ, ਫੜ ਲਏ ਅਤੇ ਪੜ੍ਹ ਲਏ।ਕੀ ਇਹ ਗੁਰੂ ਸਾਹਿਬ ਦਾ ਸਤਿਕਾਰ ਹੈ? ਇਸ ਬੇਅਦਬੀ ਨੂੰ ਨਵੇਂ ਨਵੇਂ ਭਵਨ ਬਣਾ ਕੇ ਸਗੋਂ ਪੁਖ਼ਤਾ ਕੀਤਾ ਜਾ ਰਿਹਾ ਹੈ। ਅਫਸੋਸ ਹੈ ਸਿੱਖੀ ਦੇ ਠੇਕੇਦਾਰਾਂ ਦੀ ਸੋਚ ਵਿਚਾਰ ਉੱਤੇ! ਇਨ੍ਹਾਂ ਗੁਰਸਿੱਖੀ ਦੇ ਦੋਖੀਆਂ ਨੇ ਗੁਰੂ ਸਾਹਿਬ ਨੂੰ ਹੋਰ ਜ਼ਿਆਦਾ ਬੇ-ਕਦਰ ਕਰਨ ਲਈ ਛੋਟੇ ਆਕਾਰ ਵਿਚ ਸਫਰੀ-ਐਡੀਸ਼ਨਾਂ ਬਹੁਤ ਘੱਟ ਭੇਟਾ ਦੀਆਂ ਭੀ ਪਰਚਲਤ ਕੀਤੀਆਂ ਹੋਈਆਂ ਹਨ, ਜਿਹੜੀਆਂ ਆਮ ਕਿਤਾਬਾਂ ਵਤ ਬੁੱਕ-ਸ਼ੈੱਲਫ਼ਾਂ ਵਿਚ ਹੀ ਰੱਖੀਆਂ ਜਾ ਸਕੀਦੀਆਂ ਹਨ। ਮਾਇਆ ਦੀ ਭੁੱਖ ਨੇ ਗੁਰੂ ਸਾਹਿਬ ਦੀ ਕਦਰ ਦਾ, ਦੇਖੋ, ਕੀ ਹਾਲ ਕੀਤਾ ਹੈ!! ਇਨ੍ਹਾਂ ਠੇਕੇਦਾਰਾਂ ਵਿੱਚੋਂ ਕਈ ਇਕ ਸਮਝਦਾਰ ਤਾਂ ਹਨ, ਅਤੇ ਅਸਲੀਅਤ ਨੂੰ ਭੀ ਜਾਣਦੇ ਹਨ। "ਕਬੀਰ ਮਨੁ ਜਾਨੈ ਸਭ ਬਾਤ"†,ਪਰ ਮਾਇਆ ਅਤੇ ਚੁਧਰੱਮੇ ਦੀ ਭੁੱਖ ਕਰਕੇ "ਜਾਨਤ ਹੀ ਅਉਗਣ ਕਰੇ"। ਇਹ ਘਟੀਆ ਭੁੱਖ ਇਨ੍ਹਾਂ ਨੂੰ ਗੁਰੂ ਅਨੁਸਾਰੀ ਹੋਣ ਨਹੀਂ ਦਿੰਦੀ। ਇਹ ਕੀ ਜਾਨਣ ਗੁਰੂ ਸਾਹਿਬ ਦੀ ਕਦਰ?

ਭਾਈ ਲਹਿਣਾ ਜੀ ਨੂੰ ਪੁੱਛੋ ਕਿਵੇਂ ਚਤੁਰਾਈ ਤਿਆਗ ਕੇ ਨਿਰਮਾਣ ਹੋ ਕੇ, ਸਤਿਗੁਰ ਭਾਏ (ਗੁਰੂ ਅਨੁਸਾਰੀ) ਹੋ ਕੇ ਗੁਰ ਦਰਸ਼ਨ ਪਾਏ। (ਗੁਰੂ) ਅਮਰਦਾਸ ਜੀ ਨੂੰ ਪੁੱਛੋ ਕਿਵੇਂ ਨਿਰਮਾਣ ਹੋ ਕੇ ਬਿਰਧ ਅਵਸਥਾ ਵਿੱਚ ਅਤਿ ਕਰੜੀ ਘਾਲਣਾ ਘਾਲ ਕੇ ਸਤਿਗੁਰੂ ਰਜਾਏ ਵਿਚ ਚਲ ਕੇ ਗੁਰਦਰਸ਼ਨ ਪਾਏ। ਉਨ੍ਹਾਂ ਗੁਰਸਿੱਖਾਂ ਪਿਆਰਿਆਂ ਗੁਰੂ ਕੇ ਹੀਰਿਆਂ ਸਨ-ਮੁੱਖਾਂ ਨੂੰ ਪੁੱਛੋ ਸਤਿਗੁਰ ਦੇ ਸਤਕਾਰ ਦੀ ਕੀਮਤ ਜਿਨ੍ਹਾਂ ਨੇ ਪਰਲੇ ਦਰਜੇ ਦੇ ਸਰੀਰਕ ਤਸੀਹੇ ਖਿੜੇ ਮੱਥੇ ਝੱਲ ਕੇ ਗੁਰਸਿੱਖੀ ਤੋਂ ਆਪਾ ਵਾਰ ਕੇ ਗੁਰਦਰਸ਼ਨ ਪਾਏ।

†ਸਲੋਕ ਕਬੀਰ ਜੀ, ੨੧੯, ਪੰਨਾ ੧੩੭੬



www.AKJ.Org

"ਜਨ-ਨਾਨਕ-ਦਾਸ-ਸਦਾ-ਕੁਰਬਾਣੁ-ਤਿਨ-ਜੋ-ਚਾਲਹਿ-ਸਤਿਗੁਰ-ਭਾਇ"* । ਸਤਿਗੁਰੂ ਦੀ ਮਰਜ਼ੀ ਨਾਲ (ਸਤਿਗੁਰ ਅਨੁਸਾਰੀ ਹੋ ਕੇ) ਚਲਣ ਵਾਲਿਆਂ ਗੁਰ-ਸਿੱਖਾਂ ਤੋਂ ਗੁਰੂ ਜੀ ਹਮੇਸ਼ਾ ਹੀ ਕੁਰਬਾਨ ਜਾਂਦੇ ਹਨ। ਅਸੀਂ ਘਰ ਬੈਠੇ ਬਿਠਾਏ ਮਾਇਆ ਦੇ ਰੰਗ ਮਾਣ ਰਹੇ ਬਾਲ-ਉਪਦੇਸ਼ ਪੜ੍ਹ ਕੇ ਗੁਰ ਦਰਸ਼ਨ ਕਰਨਾ ਲੋੜਨ ਵਾਲੇ, ਗੁਰਸਿੱਖੀ ਦੀ ਕਦਰ ਅਤੇ ਸਤਿਗੁਰੂ ਜੀ ਦਾ ਸਤਿਕਾਰ ਕੀ ਜਾਣੀਏ ?

ਪਦ-ਛੇਦ ਬੀੜਾਂ ਛਾਪਣ ਵਾਲੇ ਮਾਇਆ ਧਾਰੀਆਂ ਦੀ ਜ਼ਿਦ ਭਰੀ ਮਨ-ਹਠਤਾ ਦੇਖ ਕੇ ਨਿਰਾਸ ਹੋਣ ਦੀ ਲੋੜ ਨਹੀਂ ਹੈ। ਜਿਹੜੇ ਭੀ ਗੁਰੂ ਨਾਨਕ ਸਾਹਿਬ ਜੀ ਦੇ ਨਾਮ-ਲੇਵਾ ਸਿਖ ਹਨ, ਉਨ੍ਹਾਂ ਨੂੰ ਤਾਂ ਗੁਰੂ ਸਾਹਿਬ ਜੀ ਦੀ ਜੋਤਿ ਨਾਲ ਹੀ ਪਿਆਰ ਹੈ— ਭਾਵੇਂ ਗੁਰੂ ਨਾਨਕ ਸਾਹਿਬ ਜੀ ਨੇ ਸਿੱਖਾਂ ਨੂੰ ਆਪਣੀ ਜੋਤਿ ਦੇ ਦਰਸ਼ਨ ਬਖਸ਼ਣ ਲਈ ਗੁਰੂ ਅੰਗਦ-ਦੇਵ ਜੀ ਦੇ ਚਰਨੀਂ ਲਗਾਇਆ ਅਤੇ ਭਾਵੇਂ ਓਸੇ ਜੋਤਿ ਨੇ ਕਾਇਆਂ ਪਲਟਦੀ ਪਲਟੰਦੀ ਨੇ, ਦਸਵੇਂ ਜਾਮੇ ਵਿਚ ਵਿਚਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਲੜੀਦਾਰ ਸਰੂਪ ਦੇ ਮੂਹਰੇ, ਧਰਤੀ ਉੱਤੇ ਗੋਡਿਆਂ ਭਾਰ ਹੋ ਕੇ, ਆਪਣਾ ਪਾਵਨ ਮਸਤਕ ਭੁੰਜੇ ਲਾ ਕੇ ਮੱਥਾ ਟੇਕਿਆ, ਉੱਠ ਕੇ ਹੱਥ ਜੋੜ ਕੇ ਫਤਹ ਗਜਾਈ ਅਤੇ ਸਿਖਾਂ ਨੂੰ ਮੁਖ਼ਾਤਿਬ ਕਰਕੇ ਕਿਹਾ, ਕਿ "ਪ੍ਰਗਟ ਗੁਰੂ ਨਾਨਕ ਸਾਹਿਬ ਜੀ ਦੀ ਦੇਹ (ਹੁਣ ਤੋਂ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਦਰਸ਼ਨ ਇਸ ਵਿਚ ਹੋਇਆ ਕਰਨਗੇ ।" ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ (ਪੂਰਨ ਗੁਰੂ) ਵਿੱਚ 'ਪੂਰਨ-ਬ੍ਰਹਮਿ-ਨਿਵਾਸੁ-ਲੀਅਉ‡' ਵਾਲਾ ਭਾਣਾ ਵਰਤਿਆ। ਵਾਹਿਗੁਰੂ !

ਗੁਰਸਿੱਖਾਂ ਨੇ ਪੂਰੇ ਗੁਰੂ (ਕਲਗੀਧਰ ਪਾਤਸ਼ਾਹ ਜੀ) ਦਾ ਬਚਨ ਸੁਣਿਆ। "ਪੂਰੇ-ਗੁਰ-ਕਾ-ਸੁਨਿ-ਉਪਦੇਸੁ†"। ਫਿਰ ਕੀ ਕੀਤਾ ? "ਬਚਨੁ-ਗੁਰੂ-ਜੋ-ਪੂਰੈ-ਕਹਿਓ-ਮੈ-ਛੀਕਿ-ਗਾਂਠਰੀ-ਬਾਧਾ‡"। ਪੂਰੇ ਗੁਰੂ ਦੇ ਬਚਨ ਨੂੰ ਘੁੱਟ ਕੇ ਪਲੇ ਬੰਨ੍ਹ ਲਿਆ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗ ਗਏ।

ਨਾਨਕ—ਕਲਗੀਧਰ ਪਾਤਸ਼ਾਹ ਜੀ ਨੇ ਆਪਣੀ ਨਿਗਰਾਨੀ ਹੇਠ ਆਪਣੇ ਮੁਖਾਰਬਿੰਦ ਤੋਂ ਸਮੱਗਰ ਗੁਰਬਾਣੀ ਉਚਰ ਕੇ (ਨਾਵੇਂ ਜਾਮੇ ਵਿੱਚ ਉਚਰੀ ਹੋਈ ਬਾਣੀ ਨੂੰ ਭੀ ਵਿਚ ਸ਼ਾਮਲ ਕਰ ਕੇ) ਲੜੀਦਾਰ ਸਰੂਪ ਵਿਚ ਲਖਵਾ ਕੇ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦੇ ਦਾਇਮੀ ਵਾਰਿਸ (ਪੂਰੇ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਰਚੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਆਪ ਰੱਬ ਹਨ। ਯਥਾ 'ਗੁਰੁ-ਪਾਰਬ੍ਰਹਮੁ-ਪਰਮੇਸਰੁ-ਸੋਇ*' ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਗੁਰ ਪਰਮੇਸਰੁ' ਹਨ। ਏਥੇ ਪਦ-ਛੇਦੀ ਬੇਦਾਵੀਏ ਕਿਹੜਾ ਬਹਾਨਾ ਲੱਭਣਗੇ ਗੁਰੁ ਪਰਮੇਸਰੁ ਦੇ ਨੁਕਸ ਕੱਢਣ ਦਾ ? ਇਨ੍ਹਾਂ ਨੂੰ ਗੁਰੁਪਰਮੇਸਰੁ ਵਿਚ ਕਿਹੜੀ ਘਾਟ ਨਜ਼ਰ ਆਏਗੀ, ਜਿਸ ਨੂੰ ਦੂਰ ਕਰਨ ਲਈ ਇਹ ਮਹਾਂਪੁਰਖ ਦੀ ਬਾਣੀ ਨੂੰ ਪਦ-ਛੇਦ ਕਰ ਦੇਣਗੇ ? ਉਹ ਨ-ਘਾਟ-ਹੈ-ਨ-ਬਾਢ ਹੈ-ਨ-ਘਾਟ-ਬਾਢ-ਹੋਤ-ਹੈ" ।

ਜੇ ਅਜੇ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ (ਪੂਰਨ) ਹਸਤੀ ਬਾਰੇ ਪਦ-ਛੇਦੀ ਬੇਦਾਵੀਆਂ ਦੀ ਤਸੱਲੀ ਨਹੀਂ ਹੋਈ ਤਾਂ ਹੋਰ ਸੁਣ ਲੈਣ:
ਗੁਰ-ਕੀ-ਮਹਿਮਾ-ਕਿਆ-ਕਹਾ-ਗੁਰੁ-ਬਿਬੇਕ-ਸਤ-ਸਰੁ ॥
ਓਹੁ-ਆਦਿ-ਜੁਗਾਦੀ-ਜੁਗਹੁ-ਜੁਗੁ-ਪੂਰਾ-ਪਰਮੇਸਰੁ† ॥
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੂਰੇ ਪਰਮੇਸਰੁ ਹਨ। ਤਾਂ ਫਿਰ ਪੂਰੇ ਗੁਰ-ਪਰਮੇਸਰੁ (ਰੱਬ) ਦੀ ਪਦ-ਛੇਦਤਾ ਵਿਚ ਤੋੜ-ਭੰਨ ਕਰਨ ਵਾਲੇ ਚਤੁਰਾਈ - ਝੁਲਸੇ ਪਦ-ਛੇਦੀ ਵੱਡੇ ਉਪੱਦਰ ਦੇ ਭਾਗੀ ਹਨ। ਰੱਬ ਜਾਣੇ, ਇਨ੍ਹਾਂ ਦੀ ਮਤਿ ਨੂੰ ਕੀ ਹੋ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਦ-ਛੇਦ ਕਰਨਾ ਜਾਂ ਪਦ-ਛੇਦ ਦਾ ਸੁਝਾ ਦੇਣਾ ਕਲਗੀਧਰ ਪਾਤਸ਼ਾਹ ਜੀ ਨੂੰ ਟਿੱਚਰ ਕਰਨ ਦੇ ਤੁਲ ਹੈ। ਇਨ੍ਹਾਂ ਦਾ ਬਚਾਅ ਪੰਚਾਂ ਦੇ ਪੇਸ਼ ਹੋ ਕੇ ਆਪਣੀ ਭੁੱਲ ਬਖਸ਼ਾਉਣ ਵਿਚ ਹੀ ਹੈ।

*ਸਲੋਕ ਮ: ੩, ਅੰਕ ੨੨, ਪੰਨਾ ੧੪੧੫
‡ਸਵਈਏ ਮਹਲੇ ਪੰਜਵੇਂ ਕੇ, ਪੰਨਾ ੧੪੦੯
†ਗਉੜੀ ਸੁਖਮਨੀ, ਅਸਟ ੨੪, ਪੰਨਾ ੨੯੫
‡ਸਾਰੰਗ ਮ: ੫, ਪੰਨਾ ੧੨੦੫
*ਮਲਾਰ ਮ: ੫, ਪੰਨਾ ੧੨੭੧
†ਆਸਾ ਮ: ੫, ਪੰਨਾ ੩੯੭


www.AKJ.Org

ਇਨ੍ਹਾਂ ਬੇਦਾਵੀਆਂ ਦਾ, ਮਾਤਾ ਭਾਗ ਕੌਰ ਜੀ ਦੇ ਤਾੜਨਾ ਮਈ ਬਚਨਾਂ ਵਲ ਧਿਆਨ ਦਿਵਾਉਣ ਦੀ ਲੋੜ ਹੈ। ਇਹ ਸੱਚੀ ਸੁਚੀ ਸੇਵਾ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੂੰ ਬਹੁਤ ਸੋਭਦੀ ਹੈ। ਕਿਉਂਕਿ ਇਸ ਸਭਾ ਨੇ ਗੁਰਸਿਖੀ ਪਰਚਾਰ ਦਾ ਬੀੜਾ ਕਾਫ਼ੀ ਦੇਰ ਤੋਂ ਉਠਾਇਆ ਹੋਇਆ ਹੈ, ਅਤੇ ਬਹੁਤ ਸਾਰੇ ਦਾਨੇ ਗੁਰਸਿਖ ਵੀਰਾਂ ਤੇ ਭੈਣਾਂ ਪਾਸੋਂ ਗੁਰੂ ਗ੍ਰੰਥ ਸਾਹਿਬ ਦੇ ਪੱਖਾਂ ਉਤੇ ਖੋਜ ਪੱਤਰ ਪੜ੍ਹਵਾਏ ਹਨ। ਇਸ ਸਭਾ ਨੂੰ ਗੁਰੂ ਸਾਹਿਬ ਜੀ ਦੇ ਸਰੂਪ ਅਤੇ ਆਕਾਰ (size) ਬਾਰੇ ਭੀ ਧਿਆਨ ਦੇਣਾ ਬਣ ਆਉਂਦਾ ਹੈ। ਜੇ ਪੂਰੇ ਗੁਰੂ ਦਾ ਸਤਕਾਰ ਹੀ ਅਸੀਂ ਬਹਾਲ ਨਾ ਕਰ ਪਾਏ ਅਤੇ ਪਦ-ਛੇਦੀ-ਪੁਜਾਰੀ ਸੁਖਿਆਰੇ ਸਿੱਖ ਹੋ ਕੇ ਬੈਠ ਗਏ ਤਾਂ ਹੋਰ ਕੋਈ ਸੇਵਾ ਭੀ ਕਿਸੇ ਅਰਥ ਨਹੀਂ ਆਉਣੀ। ਬਾਕੀ ਸੇਵਾਵਾਂ ਤਾਂ ਸੁਆਰਥੀ ਸੇਵਾਵਾਂ ਹੀ ਅਖਵਾਉਣਗੀਆਂ। ਮਾਇਆ ਅਤੇ ਚੌਧਰ ਦੀ ਭੁੱਖ ਕਾਰਨ ਅਸੀਂ ਸੱਚ ਬੋਲਣੋਂ ਝਿਜਕਦੇ ਹਾਂ ਅਤੇ ਗੁਰਬਾਣੀ ਅੰਦਰ ਦਰਸਾਈ ਰਹਿਤ ਬਹਿਤ ਤੋਂ ਭੀ ਕੰਨੀ ਕਤਰਾਉਂਦੇ ਹਨ।

ਮਾਤਾ ਭਾਗ ਕੌਰ ਜੀ ਦੀ ਨਿਆਈਂ ਸਮਝ-ਦਾਰ ਗੁਰਸਿਖ ਬੀਬੀਆਂ ਅਤੇ ਮਾਤਾਵਾਂ ਦਾ ਲਾਜ਼ਮੀ ਫ਼ਰਜ਼ ਬਣ ਆਉਂਦਾ ਹੈ ਕਿ ਕਲਗੀਧਰ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਉਹ ਆਪਣੇ ਹਲਕੇ ਵਿਚ ਪਦ-ਛੇਦੀ-ਉਪਾਸ਼ਕਾਂ ਨੂੰ ਪ੍ਰੇਮ ਭਾਵਨਾ ਸਹਿਤ ਸਮਝਾ ਕੇ, ਮਨਮਤਿ ਛੁਡਵਾ ਕੇ ਗੁਰਮਤਿ ਦੇ ਰਸਤੇ ਉੱਤੇ ਲਿਆਉਣ ਅਤੇ ਉਨ੍ਹਾਂ ਨੂੰ ਪਾਵਨ ਲੜੀਦਾਰ ਸਰੂਪ ਦੇ ਚਰਨੀਂ ਲਗਾਉਣ।

ਇਹ ਸਾਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਦ-ਛੇਦਤਾ ਦਾ ਸਰੂਪ ਅਪ-ਸੁਆਰਥੀ ਮਨਮੁਖਿ ਨੇ ਦਿੱਤਾ ਹੈ, ਅਤੇ ਲੜੀਦਾਰ (ਜੁੜਤ-ਸ਼ਬਦ) ਸਰੂਪ ਪਰਉਪਕਾਰੀ ਗੁਰਮੁਖਿ ਨੇ ਦਿੱਤਾ ਹੈ। ਕਿਹੜੇ ਗੁਰਮੁਖਿ ਨੇ ? ਜਿਹੜਾ ਗੁਰਮੁਖਿ ਕਲ਼ ਵਿਚ ਜਗਤ ਦੇ ਉਧਾਰ ਲਈ ਪਰਗਟ ਹੋਇਆ ਸੀ। ਫਿਰ ਉਸੇ ਗੁਰਮੁਖਿ ਨੇ ਕਈ ਜਾਮੇ ਧਾਰ ਕੇ ਧੁਰ ਕੀ ਬਾਣੀ ਉਚਰੀ। ਫਿਰ ਉਸੇ ਗੁਰਮੁਖਿ ਨੇ ਕਈ ਜਾਮਿਆਂ ਵਿਚ ਉਚਰੀ ਹੋਈ ਧੁਰ ਕੀ ਬਾਣੀ ਨੂੰ ਲੜੀਦਾਰ ਸਰੂਪ ਦੇ ਕੇ ਇਕੱਤ੍ਰ ਕੀਤਾ। ਫਿਰ ਓਹੋ ਗੁਰਮੁਖਿ ਇਸ ਇਕੱਤ੍ਰ ਕੀਤੀ ਹੋਈ ਧੁਰ ਕੀ ਬਾਣੀ ਵਿਚ ਇੱਕ ਮਿੱਕ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿਲਾਇਆ। "ਬਾਣੀ ਗੁਰੂ ਗੁਰੂ ਹੈ ਬਾਣੀ†" ਹੋ ਗਿਆ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ॥

ਅਸੀਂ ਕਿਹੜੇ ਮੂੰਹ ਨਾਲ ਐਸੇ ਗੁਰੂ ਦੀ ਪਦ-ਛੇਦਤਾ ਵਿਚ ਤੋੜਾ-ਫੋੜੀ ਕਰਨਾ ਲੋੜਦੇ ਹਾਂ ? ਅਤੇ ਇਸ ਤੋੜਾ-ਫੋੜੀ ਨਾਲ ਕਿਹੜੇ ਵਿਅਕਤੀ ਨੂੰ ਖੁਸ਼ ਕਰਨਾ ਲੋੜਦੇ ਹਾਂ ? ਕੀ ਹੋ ਗਿਆ ਹੈ ਸਾਡੀ ਮਤਿ ਨੂੰ ? ਸਤਿਗੁਰ ਕਿਰਪਾ ਕਰਨ ਅਤੇ ਅਸਾਂ ਬੇਦਾਵੀਆਂ ਨੂੰ ਸੁਮਤਿ ਬਖਸ਼ ਕੇ ਰਾਹੇ-ਰਾਸਤਿ ਉਤੇ ਲੈ ਆਉਣ।

ਜਾ ਕੈ ਜੀਅ ਜੈਸੀ ਬੁਧਿ ਹੋਈ ॥
ਕਹਿ ਕਬੀਰ ਜਾਨੈਗਾ ਸੋਈ ॥੪੫॥‡

ਇਹ ਯਾਦ ਰਹੇ ਕਿ, "ਪੂਰਾ ਗੁਰੁ ਪੂਰੀ ਮਤਿ ਜਾ ਕੀ ਪੂਰਨ ਪ੍ਰਭ ਕੇ ਕਾਮਾ*॥ ਸਾਡੀ ਮਤਿ ਹੀ ਅਧੂਰੀ ਹੈ।

ਹੋ ਗਈਆਂ ਭੁੱਲਾਂ ਵਲੋਂ ਦਾਸ ਸੰਗਤਿ ਪਾਸੋਂ ਖਿਮਾ ਦਾ ਜਾਚਕ ਹੈ। ਵਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ॥

---

†ਨਟ ਮ: ੪, ਪੰਨਾ ੯੮੨
‡ਗਉੜੀ ਕਬੀਰ ਜੀ, ੩੪੩
*ਸੋਰਠਿ ਮ: ੫, ਪੰਨਾ ੬੩੦

---

[ ੨੭ ਸਫੇ ਦੀ ਬਾਕੀ ]

ਉਤੇ ਸਜਾਏ ਜਾਣ। ਤਖ਼ਤ ਦੇ ਮਾਲਕ ਨੂੰ ਇਹ ਤਖ਼ਤ ਸੌਂਪ ਕੇ ਪੰਥ ਸੁਰਖ਼ਰੂਈ ਪ੍ਰਾਪਤ ਕਰ ਲਵੇਗਾ ਤੇ ਇਸ ਨਾਲ ਅਵੱਸ਼ ਹੀ ਪੰਥ ਦੀ ਚੜ੍ਹਦੀ ਕਲਾ ਹੋਵੇਗੀ।

ਸਾਨੂੰ ਆਸ ਹੈ ਕਿ ਪੰਥ ਦੀ ਸੁਚੱਜੀ ਲੀਡਰ-ਸ਼ਿਪ ਬਗੈਰ ਕਿਸੇ ਸੰਕੋਚ ਜਾਂ ਦੇਰ ਦੇ, ਤਖ਼ਤਾਂ ਦੇ ਜਥੇਦਾਰ ਸਾਹਿਬਾਨ, ਹੈਡ-ਗ੍ਰੰਥੀ ਤੇ ਗ੍ਰੰਥੀ ਸਿੰਘ ਸਹਿਬਾਨ ਅਤੇ ਧਰਮ ਪ੍ਰਚਾਰ ਕਮੇਟੀ ਸ਼੍ਰ: ਗੁ: ਪ੍ਰ: ਕਮੇਟੀ) ਵਿਚਕਾਰ ਗੁਰਮਤਾ ਕਰਕੇ ਤੁਰਤ ਹੀ ਇਸ ਮੰਗ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰ-ਗਦੀ-ਨਸ਼ੀਨੀ ਪੁਰਬ ਤੋਂ ਪਹਿਲਾਂ ਪੂਰੀ ਕਰ ਕੇ ਗੁਰੂ ਪਾਤ-ਸ਼ਾਹ ਤੇ ਸਿੱਖ-ਸੰਗਤਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੇਗੀ।

www.AKJ.Org

# 'ਤਖਤਿ ਬਹੈ ਤਖਤੈ ਕੀ ਲਾਇਕ'

੧੬, ੧੭, ੧੮ ਸਤੰਬਰ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਲੋਂ ਸ੍ਰੀਗੁਰੂ ਗ੍ਰੰਥ ਸਾਹਿਬ ਵਿਚਾਰ ਸੰਮੇਲਨ ਮਨਾਇਆ ਗਿਆ। ਕੀਰਤਨ ਦੀ ਸੇਵਾ ਅਖੰਡ ਕੀਰਤਨੀ ਜਥੇ ਦੇ ਪ੍ਰਸਿਧ ਕੀਰਤਨੀਏ ਭਾਈ ਮਹਿੰਦਰ ਸਿੰਘ ਜੀ S. D. O. ਨੇ ਕੀਤੀ ਅਤੇ ਵਖ ਵਖ ਵਿਦਵਾਨਾਂ ਵਲੋਂ ਕੀਰਤਨ ਨਾਲ ਸੰਬੰਧਤ ਵਖ ਵਖ ਵਿਸ਼ਿਆਂ ਉਤੇ ਪੇਪਰ ਪੜ੍ਹੇ ਗਏ। ਅਕਾਲ ਤਖਤ ਸਾਹਿਬ ਵਲੋਂ ਪੰਥ ਦੇ ਨਿਰਮਾਣੇ ਅਤੇ ਸੁਚੱਜੇ ਵਿਅਕਤੀ ਬਾਵਾ ਹਰਕ੍ਰਿਸ਼ਨ ਸਿੰਘ ਜੀ ਨੂੰ ਪੰਥਕ ਤੌਰ ਤੇ ਮਾਨ ਪੱਤਰ ਦੀ ਬਖ਼ਸ਼ਸ਼ ਦੁਆਰਾ ਸਨਮਾਨਿਆ ਗਿਆ।

ਸਾਰਾ ਸਮਾਗਮ ਸਮੁੱਚੇ ਤੌਰ ਤੇ ਸਫਲ ਰਿਹਾ, ਪਰ ਦੋ ਗੱਲਾਂ ਵਿਸ਼ੇਸ਼ ਤੌਰ ਤੇ ਵਰਨਣ ਯੋਗ ਹਨ:—

੧. ਸੰਤ ਗੁਰਮੁਖ ਸਿੰਘ ਜੀ, ਜੋ ਮਨ ਬਚ ਕਰਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਭਾਵਨਾ ਰਖਦੇ ਅਤੇ ਅਜਿਹੀ ਭਾਵਨਾ ਧਾਰਨ ਕਰਨ ਦਾ ਸੰਗਤਾਂ ਵਿਚ ਪ੍ਰਚਾਰ ਕਰਦੇ ਹਨ, ਨੇ ਪੰਥ ਦੇ ਜਿਮੇਵਾਰ ਵਰਗ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਪੰਜਾਂ ਹੀ ਤਖ਼ਤਾਂ ਉਤੇ, ਤਖ਼ਤ ਚੌਰ ਦੇ ਮਾਲਿਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਸ਼ੋਭਤ ਕੀਤਾ ਜਾਵੇ ਅਤੇ ਇਸ ਦਾ ਆਰੰਭ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੀਤਾ ਜਾਵੇ। ਉਹਨਾਂ ਨੇ ਇਹ ਵੀ ਐਲਾਨ ਕੀਤਾ ਕਿ ਜੇ ਪੰਥ ਦੇ ਜ਼ਿਮੇਵਾਰ ਸਜਣ,ਸੰਗਤਾਂ ਦੀ ਇਸ ਹੱਕੀ ਅਤੇ ਜਾਇਜ਼ ਮੰਗ ਮੰਨਣ ਜਾਂ ਇਸ ਨੂੰ ਪੂਰੀ ਕਰਨ ਵਿਚ ਸੰਕੋਚ ਕਰਨਗੇ ਜਾਂ ਢਿੱਲ ਕਰਨਗੇ ਤਾ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਦੇ ਮੂਹਰੇ, ਸਤਿਆਗ੍ਰਹਿ ਕਰਨਾ ਪਵੇਗਾ। ਮਗਰੋਂ ਉਹਨਾਂ ਨੇ ਸਪੱਸ਼ਟੀਕਰਨ ਕਰਦਿਆਂ ਫੁਰਮਾਇਆ ਕਿ ਸਤਿਆਗ੍ਰਹਿ ਤੋਂ ਉਹਨਾਂ ਦਾ ਭਾਵ ਧਰਨਾ ਮਾਰਨ ਤੋਂ ਹੈ। ਉਨ੍ਹਾਂ ਕਿਹਾ ਕਿ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਜੀ ਟੌਹੜਾ ਅਤੇ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਹੈਡ ਗ੍ਰੰਥੀ ਸਾਹਿਬਾਨ ਸਾਰੇ ਇਸ ਮੰਗ ਨੂੰ ਸਿਧਾਂਤਕ ਤੌਰ ਤੇ ਜਾਇਜ਼ ਅਤੇ ਯੋਗ ਗਰਦਾਨਦੇ ਹਨ, ਫਿਰ ਪਤਾ ਨਹੀਂ ਇਸ ਨੂੰ ਪੂਰਾ ਕਰਨ ਵਿਚ ਢਿਲ ਕਿਉਂ ਵਰਤਾਈ ਜਾਂਦੇ ਹਨ? ਉਹਨਾਂ ਨੇ ਦਸਿਆ ਕਿ ਉਹ, ਇਹਨਾਂ ਸਾਰੇ ਜ਼ਿਮੇਵਾਰ ਸਜਣਾਂ ਨਾਲ ਇਸ ਬਾਰੇ ਨਿੱਜੀ ਤੌਰ ਤੇ ਮਿਲ ਕੇ ਗੱਲ ਬਾਤ ਕਰਨਗੇ ਅਤੇ ਉਹਨਾਂ ਤੇ ਜ਼ੋਰ ਦੇਣਗੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰ-ਗੱਦੀ ਨਸ਼ੀਨੀ ਦੇ ਪੁਰਬ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਖ਼ਤਾਂ ਉਤੇ ਸਸ਼ੋਭਤ ਕੀਤਾ ਜਾਵੇ। ਜੇ ਗੱਲ-ਬਾਤ ਦੁਆਰਾ ਸਫਲਤਾ ਪ੍ਰਾਪਤ ਹੋ ਗਈ ਤਾਂ ਵਾਹ ਵਾਹ, ਪਰ ਜੇ ਇਹ ਮੰਗ ਪੂਰੀ ਕਰਨ ਤੋਂ ਸੰਕੋਚ ਕੀਤਾ ਗਿਆ ਜਾਂ ਢਿਲ-ਮੱਠ ਵਰਤੀ ਗਈ ਤਾਂ ਜਦੋ-ਜਹਿਦ ਦਾ ਰਾਹ ਇਖ਼ਤਿਆਰ ਕਰਨਾ ਹੀ ਪਵੇਗਾ।

੨. ਬਾਵਾ ਹਰਕ੍ਰਿਸ਼ਨ ਸਿੰਘ ਜੀ ਨੇ ਸਨਮਾਨਿਤ ਕੀਤੇ ਜਾਣ ਮਗਰੋਂ ਪੰਥ ਦਾ ਸ਼ੁਕਰਾਨਾ ਤੇ ਧੰਨਵਾਦ ਕੀਤਾ। ਨਾਲ ਹੀ ਪੰਥ ਦੀ ਚੜ੍ਹਦੀ ਕਲਾ ਲਈ ਜਜ਼ਬਾਤ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੇ ਪ੍ਰਭਾਵਸ਼ਾਲੀ ਭਾਸ਼ਨ ਨੂੰ ਟੇਪ-ਰੀਕਾਰਡ ਕੀਤਾ ਗਿਆ, ਜੋ ਇਸ ਪਰਚੇ ਵਿਚ ਵਖਰਿਆਂ ਸਗਵੇਂ ਰੂਪ ਵਿਚ ਛਾਪਿਆ ਜਾ ਰਿਹਾ ਹੈ।

ਜਿਥੋਂ ਤਕ ਸੰਤ ਗੁਰਮੁਖ ਸਿੰਘ ਜੀ ਦੀ ਮੰਗ ਅਤੇ ਐਲਾਨ ਦਾ ਸੰਬੰਧ ਹੈ, ਉਸ ਬਾਰੇ ਸਮੁੱਚੇ ਪੰਥ ਵਿਚ ਕੋਈ ਦੋ ਰਾਵਾਂ ਨਹੀਂ। ਸਾਰੇ ਹੀ ਇਸ ਸਿਧਾਂਤ ਦੇ ਕਾਇਲ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਖ਼ਤ ਚਵਰ ਦੇ ਮਾਲਕ ਹਨ ਅਤੇ ਇਸ ਤਰ੍ਹਾਂ ਪੰਜੇ ਤਖ਼ਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਲਕੀਅਤ ਹਨ। ਤਖ਼ਤਾਂ ਉਤੇ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਸ਼ੋਭਤ ਕੀਤਾ ਜਾਵੇ। ਹਾਂ, ਸ੍ਰੀ ਗੁਰੂ ਜੀ ਦੇ ਸ਼ਸਤਰ ਵੀ ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿਚ ਤਖ਼ਤ

[ਬਾਕੀ ਦੇਖੋ ਸਫਾ ੨੬ ਦੇ ਹੇਠ]



www.AKJ.Org

# 'ਅੰਮ੍ਰਿਤਸਰੁ ਸਿਫਤੀ ਦਾ ਘਰੁ'

ਸ੍ਰੀ ਅੰਮ੍ਰਿਤਸਰ ਸਾਹਿਬ ਦਾ ੪੦੦ ਸਾਲਾ ਸਥਾਪਨਾ ਦਿਵਸ ਬੜੀ ਧੂਮ ਧਾਮ ਨਾਲ ੨੫ ਤੋਂ ੨੯ ਅਕਤੂਬਰ ਤਕ ਮਨਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਇਸ ਸਬੰਧ ਵਿਚ ਗੁਰੂ ਕੀ ਇਸ ਪਾਵਨ ਨਗਰੀ ਨੂੰ ਸਵਾਰਨ ਸ਼ਿੰਗਾਰਨ ਲਈ ਅਤੇ ਇਸ ਦੇ ਸਮੁੱਚੇ ਵਾਯੂ ਮੰਡਲ ਨੂੰ ਹੋਰ ਪਖੋਂ ਨਿਰਮਲ ਤੇ ਪਵਿਤਰ ਕਰਨ ਦੇ ਉਪਰਾਲੇ ਆਰੰਭੇ ਹੋਏ ਹਨ। ਇਕ ਪਾਸੇ ਗਲੀਆਂ, ਬਜ਼ਾਰਾਂ, ਮਕਾਨਾਂ ਆਦਿ ਦੀ ਸਫ਼ਾਈ ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਦੂਜੇ ਪਾਸੇ ਮਾਨਸਿਕ ਵਾਤਾਵਰਨ ਦੀ ਸੁਧੀ ਲਈ ਇਹ ਵੀ ਉਪਰਾਲਾ ਕੀਤਾ ਜਾ ਰਿਹਾ ਹੈ ਕਿ ਇਸ ਨਗਰੀ ਵਿਚ ਸ਼ਰਾਬ ਪੀਣ ਦੀ ਅਤੇ ਸਿਗਰੇਟ ਪੀਣ ਦੀ ਕਨੂੰਨਨ ਮਨਾਹੀ ਕੀਤੀ ਜਾਵੇ।

ਇਸ ਨਗਰੀ ਦੀ ਜਿੰਦ ਜਾਨ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਹੈ, ਜਿਸ ਦੀ ਤੁਫ਼ੈਲ ਇਸ ਨਗਰੀ ਨਾਲ 'ਸ੍ਰੀ' ਪਦ ਸਤਿਕਾਰ ਵਜੋਂ ਵਰਤਿਆ ਜਾਂਦਾ ਹੈ। ਸੋ ਜਿਥੇ ਇਸ ਨਗਰੀ ਵਿਚ ਹੋਰ ਸੁਹਜ ਸਵਾਦ ਲਿਆ ਕੇ ਇਸ ਨੂੰ ਵਧੇਰੇ ਸੁੰਦਰ ਅਤੇ ਦਿਲਕਸ਼ ਬਣਾਉਣ ਦੀ ਚਰਚਾ ਚਲ ਰਹੀ ਹੈ, ਉਦਮ ਹੋ ਰਹੇ ਹਨ, ਓਥੇ ਇਹ ਵੀ ਅਤਿ ਜ਼ਰੂਰੀ ਹੋਵੇਗਾ ਕਿ ਜਿਥੇ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰਲੇ ਰੂਪ ਨੂੰ ਸਵਾਰਿਆ ਸ਼ਿੰਗਾਰਿਆ ਜਾਵੇ ਉਥੇ ਇਸ ਦੀ ਅੰਦਰਲੀ ਮਰਯਾਦਾ ਆਦਿ ਵਿਚ ਜਿਥੇ ਜਿਥੇ ਸਮੇਂ ਦੇ ਗੇੜ ਨਾਲ ਕੁਝ ਢਿਲਿਆਈਆਂ ਜਾਂ ਕੁਰੀਤੀਆਂ ਦਾ ਕੂੜਾ ਜਮ੍ਹਾ ਹੋਇਆ ਹੈ ਉਸ ਨੂੰ ਵਿਵੇਕ ਦੀ ਬੁਹਾਰੀ ਨਾਲ ਬੁਹਾਰਿਆ ਜਾਵੇ। ਇਸ ਸੰਬੰਧ ਵਿਚ ਕੁਝ ਨੁਕਤੇ ਸੰਕੇਤ ਕੀਤੇ ਜਾਂਦੇ ਹਨ :–

੧. ਤਖ਼ਤ ਚੌਰ ਦੇ ਮਾਲਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਤਖ਼ਤ ਸਾਹਿਬਾਂ ਉਤੇ, ਸਿਵਾਏ ਸ੍ਰੀ ਦਮਦਮਾ ਸਾਹਿਬ ਦੇ, ਗੁਰੂ ਕੇ ਸ਼ਸਤਰ ਤਾਂ ਭਾਵੇਂ ਬਿਰਾਜਮਾਨ ਹਨ, ਪਰ ਸ਼ਸਤਰਾਂ ਦੇ ਮਾਲਿਕ ਨੂੰ ਤਖ਼ਤ ਦੀ ਸੌਂਪਣਾ ਅਜੇ ਤਕ ਨਹੀਂ ਕੀਤੀ ਗਈ। ਇਸ ਦਾ ਦੋਸ਼ ਕਿਸੇ ਅਨਮਤੀਏ ਸਿਰ ਨਹੀਂ, ਸਾਡੇ ਆਪਣੇ ਸਿਰ ਹੈ। ਸਮੁਚਾ ਸਿਖ ਜਗਤ ਇਹ ਮੰਗ ਕਰਦਾ ਹੈ ਕਿ ਤਖ਼ਤਾਂ ਉਤੇ, ਤਖ਼ਤ ਦੇ ਮਾਲਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੁਰਤ ਸਸ਼ੋਭਤ ਕੀਤੇ ਜਾਣ।

੨. ਸ੍ਰੀ ਹਰਿਮੰਦਰ ਸਾਹਿਬ ਸਿਖ ਸੰਸਾਰ ਦਾ ਕੇਂਦਰੀ ਅਸਥਾਨ ਹੈ। ਇਸ ਵਿਚਲੀ ਮਰਯਾਦਾ ਤੋਂ ਬਾਕੀ ਗੁਰਦਵਾਰਿਆਂ ਵਿਚ ਕੀਤੀ ਜਾਣ ਵਾਲੀ ਮਰਯਾਦਾ ਦਾ ਧਰੁਵਾ ਬਝਦਾ ਹੈ। ਦੇਖਣ ਵਿਚ ਆ ਰਿਹਾ ਹੈ ਕਿ ਇਸ ਕੇਂਦਰੀ ਅਸਥਾਨ ਵਿਚ ਵਰਤੀ ਜਾ ਰਹੀ ਮਰਯਾਦਾ ਮੰਨੀ ਪ੍ਰਮੰਨੀ ਤੇ ਪ੍ਰਮਾਣੀਕ ਮਰਯਾਦਾ ਤੋਂ ਵਖਰੀ ਹੈ ਤੇ ਇਸ ਵਖਰੇ ਤੇ ਓਪਰੇਪਨ ਦੀ ਚਰਚਾ ਚਿਰਾਂ ਤੋਂ ਗੁਰਸਿਖ ਆਪਸ ਵਿਚ ਕਰਦੇ ਸੁਣੀਦੇ ਹਨ। ਇਸ ਸ਼ੁਭ ਅਵਸਰ ਤੇ ਇਸ ਮਸਲੇ ਸਬੰਧੀ ਅਵਾਜ਼ ਜ਼ਿਮੇਵਾਰ ਸਜਣਾਂ ਦੇ ਕੰਨੀਂ ਕਢਣੀ ਬਿਲਕੁਲ ਉਚਿਤ ਹੋਵੇਗੀ ਤਾਂ ਜੁ ਇਸ ਵਿਚ ਸੁਧਾਰ ਇਸੇ ਸ਼ੁਭ ਅਵਸਰ ਤੇ ਕੀਤਾ ਜਾਵੇ :–

(ੳ) ਪ੍ਰਮਾਣੀਕ ਮਰਯਾਦਾ ਅਨੁਸਾਰ ਹਰੇਕ ਗੁਰਦਵਾਰੇ ਵਿਚ ਨਾਮ ਬਾਣੀ ਪਠਨ ਪਾਠਨ ਦੇ ਪ੍ਰੋਗ੍ਰਾਮ ਦਾ ਅਰੰਭ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹੋਣ ਤੋਂ ਉਪਰੰਤ ਹੁੰਦਾ ਹੈ, ਕਿਉਂ ਜੁ ਦੀਵਾਨ ਵਿਚ ਹਾਜ਼ਰ ਹੋ ਕੇ ਸਿਖ ਲਈ ਸਭ ਤੋਂ ਪਹਿਲਾ ਕਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣਾ ਹੁੰਦਾ ਹੈ। ਪਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਮਹਾਰਾਜ ਜੀ ਦੀ ਸਵਾਰੀ ਕੀਰਤਨ ਪ੍ਰੋਗ੍ਰਾਮ ਅਰੰਭ ਹੋਣ ਤੋਂ ਬਹੁਤ ਦੇਰ ਮਗਰੋਂ ਲਿਆਈ ਜਾਂਦੀ ਹੈ, ਜੋ ਗੁਰਮਤਿ ਮਰਯਾਦਾ ਦੇ ਅਨੁਕੂਲ ਨਹੀਂ। ਸ੍ਰੀ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਨਾ ਹੋਣ ਕਰਕੇ ਸਿਖ ਸੰਗਤਾਂ ਨੂੰ ਖ਼ਾਲੀ ਪੰਘੂੜੇ ਨੂੰ ਮੱਥਾ ਟੇਕਣਾ ਪੈਂਦਾ



www.AKJ.Org

ਹੈ, ਜੋ ਬੁਨਿਆਦੀ ਸਿਖੀ ਸਿਧਾਂਤ ਦੇ ਉਲਟ ਹੈ। ਫਿਰ ਪ੍ਰਮਾਣੀਕ ਮਰਯਾਦਾ ਅਨੁਸਾਰ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਦਾ ਅਖੰਡ ਪ੍ਰਵਾਹ ਚਲਣਾ ਚਾਹੀਦਾ ਹੈ, ਪਰ ਸ੍ਰੀ ਹਰਿਮੰਦਰ ਸਾਹਿਬ ਵਿਚ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਉਸ ਵੇਲੇ ਲਿਆਈ ਜਾਂਦੀ ਹੈ ਜਦੋਂ ਆਸਾ ਦੀ ਵਾਰ ਦੇ ਤਕਰੀਬਨ ਅਠ ਸਲੋਕ ਅਜੇ ਬਾਕੀ ਰਹਿੰਦੇ ਹੁੰਦੇ ਹਨ। ਸੋ ਇਸ ਤਰ੍ਹਾਂ ਪ੍ਰਕਾਸ਼ ਸਮੇਂ ਕੀਰਤਨ ਪ੍ਰਵਾਹ ਵਿਚੇ ਰੁਕ ਜਾਂਦਾ ਹੈ।

(ਅ) ਫਿਰ ਪ੍ਰਮਾਣੀਕ ਪੰਥਕ ਮਰਯਾਦਾ ਅਨੁਸਾਰ ਸ੍ਰੀ ਅਨੰਦ ਸਾਹਿਬ ਦਾ ਕੀਰਤਨ ਅਤੇ ਅਰਦਾਸ, ਦੀਵਾਨ ਦੀ ਸਮਾਪਤੀ ਸਮੇਂ ਕੀਤੇ ਜਾਣ ਦਾ ਵਿਧਾਨ ਹੈ, ਪਰ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਦੇ ਅੱਧਾ ਘੰਟਾ ਬਾਅਦ ਹੀ ਸ੍ਰੀ ਅਨੰਦ ਸਾਹਿਬ ਦਾ ਕੀਰਤਨ ਤੇ ਅਰਦਾਸ, ਸ੍ਰੀ ਆਸਾ ਦੀ ਵਾਰ ਦੇ ਕੀਰਤਨ ਨੂੰ ਵਿਚੇ ਹੀ ਬੰਦ ਕਰ ਕੇ ਕੀਤੇ ਜਾਂਦੇ ਹਨ ਤੇ ਇਸ ਤਰ੍ਹਾਂ ਦੂਜੀ ਵਾਰੀ ਸ੍ਰੀ ਆਸਾ ਦੀ ਵਾਰ ਦੇ ਕੀਰਤਨ-ਪ੍ਰਵਾਹ ਵਿਚ ਰੁਕਾਵਟ ਪਾਈ ਜਾਂਦੀ ਹੈ।

(ੲ) ਫਿਰ ਅਰਦਾਸ ਤੋਂ ਮਗਰੋਂ ਪੰਜ ਮਿੰਟ ਤੋਂ ਵਧ ਓਹਨਾਂ ਵਿਅਕਤੀਆਂ ਦੇ ਨਾਵਾਂ ਦਾ ਪਾਠ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਕੜਾਹ ਪ੍ਰਸ਼ਾਦ ਸਬੰਧੀ ਕੁਝ ਨਿਸਚਿਤ ਰਕਮ ਸ੍ਰੀ ਦਰਬਾਰ ਸਾਹਿਬ ਕਮੇਟੀ ਕੋਲ ਜਮ੍ਹਾ ਕਰਵਾਈ ਹੋਈ ਹੁੰਦੀ ਹੈ। ਗੁਰਸਿਖਾਂ ਨੂੰ ਬਾਣੀ ਦੇ ਰਸ ਤੋਂ ਤੋੜ ਕੇ ਵਿਚ ਇਹ ਢੰਢੋਰਾ-ਬਾਜ਼ੀ ਕਿਥੋਂ ਦੀ ਗੁਰਮਤਿ ਕਹੀ ਜਾ ਸਕਦੀ ਹੈ ? ਤੋਖ਼ਲਾ ਹੈ ਇਹ ਲਿਸਟ ਵਧਦੀ ਵਧਦੀ ਕਿਧਰੇ ਕਿਸੇ ਦਿਨ ਨੂੰ ਸ੍ਰੀ ਆਸਾ ਦੀ ਵਾਰ ਦਾ ਸਾਰਾ ਸਮਾਂ ਹੀ ਨਾ ਖਾ ਜਾਏ । ਕਿੰਨਾ ਚੰਗਾ ਹੋਵੇ ਜੇ ਸਾਰੇ ਸਰਧਾਲੂਆਂ ਦੀ ਸਮੂਚੀ ਅਰਦਾਸ ਕਰ ਲਈ ਜਾਇਆ ਕਰੇ, ਤੇ ਉਹ ਵੀ ਆਸਾ ਦੀ ਵਾਰ ਦੀ ਸਮਾਪਤੀ ਪਿਛੋਂ।

(ਸ) ਦੀਵਾਨ ਦੇ ਭੋਗ ਸਮੇਂ "ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ" ਵਾਲਾ ਦੋਹਿਰਾ ਪੜ੍ਹ ਕੇ "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਜੈਕਾਰਾ ਗਜਾਉਣ ਦਾ ਵਿਧਾਨ ਹੈ, ਪਰ ਸ੍ਰੀ ਹਰਿਮੰਦਰ ਸਾਹਿਬ ਵਿਚ ਇਹ ਕੁਝ ਨਹੀਂ ਕੀਤਾ ਜਾਂਦਾ। ਪਤਾ ਨਹੀਂ ਕਿਉਂ ?

(ਹ) ਪੰਥਕ ਮਰਯਾਦਾ ਇਹ ਹੈ ਕਿ ਜਿੰਨੀ ਦੇਰ ਤਕ ਗੁਰਦਵਾਰੇ ਅੰਦਰ ਕਥਾ, ਕੀਰਤਨ ਆਦਿ ਦਾ ਪ੍ਰੋਗ੍ਰਾਮ ਚਲਦਾ ਹੋਵੇ, ਗੁਰੂ ਮਹਾਰਾਜ ਜੀ ਦੀ ਤਾਬਿਆ ਗ੍ਰੰਥੀ ਸਿੰਘ ਜ਼ਰੂਰ ਸਜਿਆ ਰਵ੍ਹੇ। ਇਹ ਮਰਯਾਦਾ ਸ੍ਰੀ ਹਰਿਮੰਦਰ ਸਾਹਿਬ ਵਿਚ ਨਹੀਂ ਨਿਭ ਰਹੀ। ਸ੍ਰੀ ਹਰਿਮੰਦਰ ਸਾਹਿਬ ਵਿਚ ਤਕਰੀਬਨ ੧੮ ਘੰਟੇ ਕੀਰਤਨ-ਪ੍ਰਵਾਹ ਚਲਦਾ ਰਹਿੰਦਾ ਹੈ, ਪਰ ਇਸ ਸਮੇਂ ਵਿਚ ਕਾਫ਼ੀ ਸਮਾਂ ਤਾਬਿਆ ਵਿਚ ਗ੍ਰੰਥੀ ਸਿੰਘਾਂ ਵਿਚੋਂ ਕੋਈ ਨਹੀਂ ਹੁੰਦਾ। ਸੋ ਪੰਥਕ ਮਰਯਾਦਾ ਉਤੇ ਇਸ ਕੇਂਦਰੀ ਅਸਥਾਨ ਤੇ ਪਹਿਰਾ ਦੇਣ ਲਈ ਇਹ ਉਚਿਤ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਚਲਦੇ ਕੀਰਤਨ-ਪ੍ਰਵਾਹ ਵਿਚ ਹਰ ਸਮੇਂ ਇਕ ਗ੍ਰੰਥੀ ਸਿੰਘ, ਗੁਰੂ ਪਾਤਸ਼ਾਹ ਦੀ ਤਾਬਿਆ ਸਜੇ ਰਖਣ ਦਾ ਪ੍ਰਬੰਧ ਤੁਰਤ ਕੀਤਾ ਜਾਵੇ। ਭਾਵੇਂ ਇਸ ਲਈ ਗ੍ਰੰਥੀ ਸਿੰਘਾਂ ਦੀ ਗਿਣਤੀ ਵਿਚ ਵਾਧਾ ਕਰਨਾ ਪਵੇ । ਜੇ ਗ੍ਰੰਥੀ ਸਿੰਘਾਂ ਦੀ ਗਿਣਤੀ ਛੇ ਹੋਵੇ ਤਾਂ ਇਕ ਇਕ ਦੇ ਹਿਸੇ ਤਿੰਨ ਤਿੰਨ ਘੰਟੇ ਡੀਊਟੀ ਦੇਣੀ ਆਉਂਦੀ ਹੈ।

ਜੇ ਹਰ ਸਮੇਂ ਇਕ ਗ੍ਰੰਥੀ ਸਿੰਘ ਮਹਾਰਾਜ ਜੀ ਦੀ ਤਾਬਿਆ ਸਜਿਆ ਹੋਵੇ ਤਾਂ ਮਰਯਾਦਾ-ਪੂਰਤੀ ਤੋਂ ਇਕ ਨਿੱਗਰ ਲਾਭ ਇਸ ਦਾ ਇਹ ਹੋ ਸਕਦਾ ਹੈ ਕਿ ਉਹ ਤਾਬਿਆ ਬੈਠਾ ਸਿੰਘ ਇਸ ਗੱਲ ਦਾ ਧਿਆਨ ਰਖ ਸਕਦਾ ਹੈ ਕਿ ਰਾਗੀ ਸਿੰਘ ਕੀਰਤਨ ਕਰਦਾ ਹੋਇਆ ਗੁਰਬਾਣੀ ਦਾ ਸੁਧ ਉਚਾਰਨ ਕਰਦਾ ਹੈ । ਜੇ ਹਰੇਕ ਰਾਗੀ ਨੂੰ ਰੋਜ਼ ਉਸ ਦੇ ਸ਼ਬਦ ਵਿਚ ਤੁਕ ਅੱਖਰ ਲਗ ਮਾਤ੍ਰ ਦੀਆਂ ਹੋਈਆਂ ਭੁੱਲਾਂ ਜਾਂ ਅਸ਼ੁਧ ਉਚਾਰਨ ਆਦਿ ਦਾ ਚਿੱਠਾ ਦਿੱਤਾ ਜਾਏ ਤਾਂ

[ਬਾਕੀ ਦੇਖੋ ਸਫ਼ਾ ੪੦ ਤੇ]



www.AKJ.Org

ਸ੍ਰੀ ਅਕਾਲ ਤਖ਼ਤ ਦੀ ਹਜ਼ੂਰੀ ਵਿਚ

# ਇਕ ਪੰਥ-ਦਰਦੀ ਦਾ ਦਰਦ-ਸੁਨੇਹਾ

ਮਿਤੀ ੧੯-੯-੭੭ ਸ਼ੁਕਰਵਾਰ ਨੂੰ ਪੰਥ ਦੇ ਨਿਰਮਾਣ ਤੇ ਨਿਸ਼ਕਾਮ ਸੇਵਕ ਬਾਵਾ ਹਰਕ੍ਰਿਸ਼ਨ ਸਿੰਘ ਜੀ ਨੂੰ, ਉਨ੍ਹਾਂ ਦੀਆਂ ਪੰਥਕ ਸੇਵਾਵਾਂ ਨੂੰ ਮੁਖ ਰਖ ਕੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਪ੍ਰਸੰਸਾ-ਪੱਤਰ ਦੀ ਬਖਸ਼ਸ਼ ਦੁਆਰਾ ਸਨਮਾਨਿਆ ਗਿਆ। ਇਸ ਭਾਰੀ ਪੰਥਕ ਇਕੱਠ ਵਿਚ ਬਾਵਾ ਜੀ ਨੇ ਪੰਥ ਦਾ ਧੰਨਵਾਦ ਤੇ ਸ਼ੁਕਰਾਨਾ ਕਰਨ ਸਮੇਂ ਆਪਣੇ ਦਿਲੀ ਜਜ਼ਬਾਤ ਪਰਗਟ ਕਰਦਿਆਂ ਹੋਇਆਂ, ਪੰਥ ਦੇ ਨਾਂ ਇਕ ਦਰਦ-ਸੁਨੇਹਾ ਦਿਤਾ, ਜੋ ਟੇਪ-ਰੀਕਾਰਡ ਕੀਤਾ ਗਿਆ। ਤੇ ਟੇਪ ਤੋਂ ਵਾਰਤਕ ਲਿਖਤ ਵਿਚ ਅੰਕਤ ਕਰ ਕੇ ਪਾਠਕਾਂ ਦੀ ਭੇਟ ਹੈ।

—ਸੰਪਾਦਕ

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਹ

ਪਿਆਰੇ, ਮਾਨਯੋਗ ਸਾਧ ਸੰਗਤ, ਗੁਰੂ ਖ਼ਾਲਸਾ ਤੇ ਪੰਥ ਦੇ ਸੇਵਕ ਸਾਹਿਬਾਨ—

ਮੈਨੂੰ ਖਿਮਾ ਕਰਨਾ, ਮੇਰੀਆਂ ਕਮਲੀਆਂ ਗੱਲਾਂ, ਮੇਰਾ ਜੀਵਨ ਹੁਲਾਰਾ, ਤੇ ਇਸ ਕਰਕੇ ਕੁਝ ਵਧ ਘਟ ਗੱਲ ਕਹੀ ਜਾਏ, ਇਹ ਦਾਸ, ਸਾਰੀ ਉਮਰ ਦਾ ਦਾਸ ਤੁਹਾਡੇ ਦਰਾਂ ਤੇ ਬਹਿਣ ਵਾਲਾ, ਸਮਝ ਕੇ ਮਾਫ਼ ਕਰਨਾ। ਮੇਰੇ ਮਨ ਵਿਚ ਐਸ ਵੇਲੇ ਇਹ ਆਇਆ ਹੈ ਕਿ ਜਿਵੇਂ ਉਹ ਮੇਰੇ ਸਾਰੇ ਸਾਥੀ, ਸਭ ਚਲੇ ਗਏ। ਮੇਰੇ ਮਾਣ ਦੇ ਥਾਉਂ, ਮੇਰੇ ਪਿਆਰ ਦੇ ਥਾਉਂ, ਮੈਥੋਂ ਵਡੇ, ਮੈਥੋਂ ਛੋਟੇ। ਪਿਆਰਿਓ, ਮੈਨੂੰ ਆਖਦੇ ਪਏ ਹਨ, ਤੂੰ ਸਾਰੀ ਉਮਰ ਗੁਰੂ ਕੇ ਦੁਆਰੇ ਬਿਤਾਈ। ਤੈਨੂੰ ਅਕਾਲ ਤਖ਼ਤ ਸਾਹਿਬ ਅਗੇ ਪੰਥ ਇਕੱਠਾ ਹੋਇਆ ਮਿਲਿਆ। ਤੂੰ ਕੋਈ ਗੱਲ ਕੰਮ ਦੀ ਕਹਿਣੀ ਸੀ।

ਸੋ ਪਿਆਰਿਓ, ਮਿਤਰੋ—

"**ਖੜਾ ਪੁਕਾਰੇ ਪਾਤਣੀ, ਬੇੜਾ ਕਪਰ** ਵਾਤਿ ॥"*

ਮੇਰਾ ਜੀਅ ਕਰਦੈ, ਮੈਂ ਉਨ੍ਹਾਂ ਅਗੇ, ਜਿਹੜੇ ਸਾਡੇ ਮਾਨਯੋਗ ਲੀਡਰ ਨੇ, ਆਗੂ ਨੇ, ਉਨ੍ਹਾਂ ਕੋਲ ਕੁਛ ਬੇਨਤੀਆਂ ਕਰਾਂ। ਉਹ ਇਹ ਕਿ ਸੋ ਹੱਥ ਰੱਸਾ ਤੇ ਸਿਰੇ ਤੇ ਗੰਢ। ਉਹ ਆਪੇ, ਆਪਣੇ ਸਾਰੇ ਪਰਵਾਰ ਦੇ ਵਿਚ ਖਿਲਾਰਨ।

ਸੋ ਮਾਨਯੋਗ ਸੇਵਕੋ, ਆਗੂਓ, ਵਾਹਿਗੁਰੂ! ਜ਼ਰਾ ਸੋਚੀਏ, ਵਾਹਿਗੁਰੂ! ਸੌ ਸਾਲ ਨਹੀਂ ਤਾਂ ਨਵੇ ਸਹੀ, ਨਵੇ ਨਹੀਂ ਤਾਂ ਅਸੀ ਸਹੀ, ਇਹ ਸ੍ਰੀ ਗੁਰੂ ਸਿੰਘ ਸਭਾ ਦੀ ਲਹਿਰ ਉਠੀ। ਉਹ ਫਿਰ ਅਗੇ ਵਧਦੇ ਗਏ। ਕਈ ਚੀਜ਼ਾਂ ਵਿਚ ਆਈਆਂ। ਫਿਰ ਇਹ ਗੁਰਦੁਆਰਾ ਲਹਿਰ! ਫਿਰ ਬਹੁਤ ਕੁਛ ਬਣਿਆ। ਗੁਰਦਵਾਰਿਆਂ ਦਾ ਕਾਨੂੰਨ ਬਣਿਆ। ਗੁਰਦਵਾਰਿਆਂ ਦਾ ਪਰਬੰਧ ਕਰਨ ਵਾਸਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਬਣੀ। ਫੇਰ ਰਾਜਸੀ ਲਹਿਰਾਂ ਚਲੀਆਂ। ਕਿਉਂ ਨਾ ਚਲਣ! ਇਹ ਕੰਗਲਿਆਂ ਦਾ ਪੰਥ ਨਹੀਂ। ਰਾਜ ਕਰੇਗਾ ਖ਼ਾਲਸਾ। ਭਰਾਵਾਂ ਨਾਲ ਮਿਲ ਕੇ ਰਾਜ ਕਰੇਗਾ। ਇਨਕਸ਼ਾਫ਼ ਦਾ ਰਾਜ ਕਰੇਗਾ। ਫਿਰ—

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥
ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ
ਇਹ ਹੋਆ ਹਲੇਮੀ ਰਾਜ ਜੀਉ ॥੧੩॥*

ਇਹ ਵਿਚਾਰ ਦੀ ਗੱਲ ਏ। ਅਸੀਂ ਰਾਜਸੀ ਮੈਦਾਨ ਵਿਚ ਜੀਣਾ ਚਾਂਹਦੇ ਆਂ, ਵਧਣਾ ਚਾਂਹਦੇ ਆਂ, ਸੇਵਾ ਕਰਨੀ ਚਾਂਹਦੇ ਆਂ, ਆਪਣੇ ਪੰਥ ਦੀ, ਦੇਸ਼ ਦੀ, ਹਿੰਦੂ ਮੁਸਲਮਾਨ ਸਿਖ ਈਸਾਈ ਭਰਾਵਾਂ ਦੀ। ਅਰ ਸਾਡੀ ਵੀ ਜਗ੍ਹਾ ਹੈ। ਇਸ ਦੇਸ਼ ਦੇ ਵਿਚ ਸਿਖ ਇਕ ਲੋੜ ਨੂੰ ਪੂਰਾ ਕਰਦਾ ਹੈ। ਸੋ ਇਸ ਕਰਕੇ ਸਾਡੇ ਲੀਡਰਾਂ ਨੂੰ, ਸਾਡੇ ਆਗੂਆਂ ਨੂੰ, ਸਾਡੇ ਪਿਆਰੇ ਮਾਨਯੋਗ, ਭਾਈ! ਹੋਰ ਤੇ ਨੁਕਤਾਚੀਨੀਆਂ

†ਸਲੋਕ ਫਰੀਦ ਨੰ: ੩੫, ਪੰਨਾ ੧੩੮੨

*ਸਿਰੀ ਰਾਗੁ ਮ: ੫, ਪੰਨਾ ੭੪



www.AKJ.Org

ਕਰਨ ਜੋਗਾ ਹੋਊ ਤੇ ਮੈਥੋਂ ਤਾਂ ਸਾਰੇ ਹੀ ਚੰਗੇ ਨੇ। ਤੇ ਮੈਂ ਕੀ ਕਹਾਂ ? ਤੇ ਮੈਨੂੰ ਤਾਂ ਸਾਰਿਆਂ ਦੇ ਵਿਚ ਮਲੂਮ ਹੁੰਦੈ ਕੁਝ ਲਾਭ ਹੈਗਾ, ਕੁਝ ਗੁਣ ਹੈਗਾ। ਜੇ ਮੈਂ ਈਮਾਨਦਾਰ ਹਾਂ ਤਾਂ ਮੈਂ ਐਵੇਂ ਤਾਰੀਫ਼ ਕਰ ਦਿਤੀ ਤੇ ਐਵੇਂ ਨਿੰਦਿਆ ਕਰ ਦਿਤੀ, ਇਹ ਈਮਾਨਦਾਰ ਆਦਮੀ ਦਾ ਕੰਮ ਨਹੀਂ।

ਪਿਆਰੇ ਭਰਾਵੋ, ਬੋਹੜੀ ਜੇ ! ਜਿਨ੍ਹਾਂ ਨੇ ਕੰਮ ਕਰ ਕੇ ਨਹੀਂ ਦੇਖਿਆ ਉਨ੍ਹਾਂ ਨੂੰ ਨਹੀਂ ਪਤਾ। ਜਿਨ੍ਹਾਂ ਨੇ ਕੰਮ ਕੀਤੇ ਨੇ ਉਨ੍ਹਾਂ ਨੂੰ ਪਤਾ ਕੰਮ ਕਰਨ ਵਾਲਿਆਂ ਦੀਆਂ ਕੀ ਮੁਸ਼ਕਲਾਂ ਹਨ । ਉਨ੍ਹਾਂ ਨੂੰ ਹਮਦਰਦੀ ਹੁੰਦੀ ਹੈ ਕੰਮ ਕਰਨ ਵਾਲਿਆਂ ਦੇ ਨਾਲ। ਸੋ ਪਿਆਰਿਓ, ਮੈਂ ਸਮਝਦਾ ਇਉਂ ਜੇ—

"ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥"

ਪਿਆਰਿਓ, ਲੀਡਰੋ, ਪੰਥ ਦਾ ਖਜ਼ਾਨਾ ਜਿਹੜਾ ਹੈ, ਇਹ ਸਾਂਭ ਕੇ ਰਖਣਾ। ਕੀ ਖ਼ਜ਼ਾਨਾ ? ਹੋਰ ਭੀ ਚੀਜ਼ਾਂ ਹਨ, ਗੁਰਦੁਆਰੇ ਹਨ, ਗੁਰਦੁਆਰਾ ਕਾਨੂੰਨ ਹੈ। ਰਾਜਸੀ—ਰਾਜਸੀ ਕਾਮਯਾਬੀਆਂ । ਪਰ ਜਿਹੜਾ ਆਪ ਸਜਣਾਂ ਦੇ ਗੂੜ੍ਹਾ, ਵਿਚਾਰ ਕਰਨ ਵਾਲੀ ਗੱਲ ਹੈ, ਉਹ ਇਹ ਹੈ, ਮੇਰੀ ਕਮਲੇ ਦੀ, ਮੈਨੂੰ ਮਾਫ਼ੀ ਦੇਣੀ ਗੱਲਾਂ ਕਹੀਆਂ ਦੀ, ਭਰਾਵੋ, ਗੁਰਦੁਆਰਿਆਂ ਦੇ ਕਬਜ਼ੇ ਦੇ ਪਰਬੰਧ ਦਾ ਮਾਣ ਨਾ ਕਰੋ, ਇਹ ਇਕ ਮਿੰਟ 'ਚ ਖੁਸ ਸਕਦਾ ਏ । ਸਰਕਾਰ, ਗੁਰਦੁਆਰਾ ਕਾਨੂੰਨ ਜਿਹੜਾ ਹੈ, ਉਸ ਨੂੰ ਸਸਪੈਂਡ ਕਰ ਸਕਦੀ ਹੈ। ਅਤੇ ਕੋਈ ਜੋਸ਼ ਵਿਚ ਆ ਕੇ ਕਹੋ ਕਾਨੂੰਨ ! ਓਇ, ਆਈਨ ਸਾਰੇ ਹਿੰਦੁਸਤਾਨ ਦਾ ਸਸਪੈਂਡ ਕਰ ਦਿਤਾ, ਮੁਅੱਤਲ ਕਰ ਦਿਤਾ। ਕੋਈ ਕੁਸਕਿਆ ਨਹੀਂ, ਦਸ ਬਾਰ੍ਹਾਂ ਸਾਲ, ਏਡੀ ਅਤ ਹੋਈ, ਜ਼ੁਲਮ ਹੋਇਆ ! ਤੁਸੀਂ ਕੀ ਚੀਜ਼ ਹੋ ? ਕੀ ਨਹੀਂ ਹੋ ਸਕਦਾ ? ਸਾਡੀ ਆਪਸ ਵਿਚ ਦੀ ਲੜਾਈਆਂ ਕਰਕੇ, ਸਰਕਾਰ ਜਿਹੜੀ ਹੈ, ਉਹ ਪੁਕਾਰ ਕਰੇ, ਸਾਡਾ ਕੀ ਪਤਾ, ਅਸੀਂ ਖ਼ੂਨ ਖ਼ਰਾਬਾ ਵੀ ਕਰ ਦੇਣ ਵਾਲੇ ਹਾਂ। ਸੋ ਇਸ ਕਰਕੇ ਮੈਂ ਇਕ ਬੇਨਤੀ ਕਰਦਾ ਹਾਂ, ਗੁਰਦੁਆਰੇ ਖੁਸ ਸਕਦੇ ਨੇ, ਰਾਜਸੀ ਜਿਹੜੀਆਂ ਕਾਮਯਾਬੀਆਂ, ਪ੍ਰਾਪਤਾਂ, ਵਜ਼ਾਰਤਾਂ ਨੇ, ਖੁਸ ਸਕਦੀਆਂ ਨੇ। ਜਿਨ੍ਹਾਂ ਨਾਲ ਰਲ ਕੇ ਬਣਾਈ ਉਹ ਹੀ ਡਿਗ ਜਾਣ ਤਾਂ ਫਿਰ ਕੀ ਹੋਏਗਾ ?

ਇਸ ਕਰਕੇ ਕੁਝ ਮੁਢਲੀਆਂ ਗੱਲਾਂ ਜਿਹੜੀਆਂ ਨੇ, ਉਨ੍ਹਾਂ ਵਲ ਧਿਆਨ ਦੇਣਾ ਚਾਹੀਦਾ ਹੈ, ਬੜੇ ਅਦਬ ਦੇ ਨਾਲ, ਇਕ ਦਾਅਵੇ ਦੇ ਨਾਲ। ਇਹ ਦਾਅਵਾ ਕਿ ਭਰਾਵੋ, ੧੯੧੨ ਤੋਂ ਲੈ ਕੇ, ਬਲਕਿ ਉਸ ਤੋਂ ਪਹਿਲੋਂ, ਜਦੋਂ ਮਿਸ਼ਨ ਕਾਲਜ ਪੜ੍ਹਦੇ ਸਾਂ, ਓਦੋਂ ਤੋਂ ਹੀ ਇਹ ਗੁਰੂ ਦੇ ਦੁਆਰੇ ਦੀ ਲਗਨ ਸੀ । ਓਦੋਂ ਤੋਂ ਹੁਣ ਤਕ ਬੂਹੇ ਤੇ ਬੈਠਾ ਦਰਬਾਨ ਵੇਖਦਾ ਰਿਹਾ, ਜੋ ਕੁਝ ਹੁੰਦਾ ਰਿਹਾ । ਤੇ ਇਹੋ ਬੇਨਤੀ ਕਰਨਾ ਚਾਹਨਾਂ ਹਾਂ ਕਿ ਕੁਝ ਕੁ ਚੀਜ਼ਾਂ ਬਹੁਤ ਸਾਂਭ ਕੇ ਰਖਣ ਵਾਲੀਆਂ ਨੇ।

ਇਕ ਤਾਂ ਮਹਾਰਾਜ ਗੁਰੂ ਬਾਬੇ, ਗੁਰੂ ਨਾਨਕ ਦੀ ਦੇਣ—

ਘਰਿ ਘਰਿ ਅੰਦਰਿ ਧਰਮਸਾਲ,
ਹੋਵੈ ਕੀਰਤਨੁ ਸਦਾ ਵਿਸੋਆ ॥*

ਇਹ ਘਰ ਘਰ ਅੰਦਰ ਧਰਮਸਾਲ ਬਾਬੇ ਗੁਰੂ ਨਾਨਕ, ਜਗਤ ਗੁਰੂ ਦੀ ਦਾਤ ਹੈ ਸਾਰੀ। ਜਦੋਂ ਗੁਰਦੁਆਰੇ ਸਾਡੇ ਕਬਜ਼ੇ ਵਿਚ ਨਹੀਂ ਸੀ ਆਏ ਤਾਂ ਫਿਰ ਘਰ ਘਰ ਅੰਦਰ ਧਰਮਸਾਲ ਸੀ। ਇਹ ਸਾਂਭ ਕੇ ਰਖਣ ਵਾਲੀ ਚੀਜ਼ ਹੈ । ਇਕ ਸਿਰਫ਼ ਸਿਖ ਹਨ ਜਿਨ੍ਹਾਂ ਦੇ ਘਰਾਂ ਵਿਚ ਪ੍ਰਕਾਸ਼ ਹੁੰਦਾ ਹੈ, ਧਰਮਸਾਲਾਂ ਹਨ ਬਹੁਤ ਸਾਰਿਆਂ ਦੇ, ਹੋਰ ਕਿਸੇ ਦੇ ਨਹੀਂ।

ਇਕ ਕੀਰਤਨ ਗੁਰੂ ਕੇ ਸ਼ਬਦ ਦਾ । ਇਕ ਪ੍ਰਕਾਸ਼ ਮਹਾਰਾਜ ਦੀ ਬਾਣੀ ਦਾ । ਇਹ ਕਥਾ ਵਖਿਆਨ ਇਕੱਠੇ ਹੋ ਕੇ, ਇਕ ਗੋਸ਼ਟ, ਗੱਲਾਂ ਬਾਤਾਂ ਕਰਨੀਆਂ, ਪਰਮਾਰਥ ਦੀਆਂ; ਇਹ ਬੜੀ ਸਾਂਭ ਕੇ, ਪਕੜ ਕੇ ਰਖਣ ਵਾਲੀ ਚੀਜ਼ ਹੈ।

ਫੇਰ ਇਹ, ਮੈਂ ਸਾਰੀ ਉਮਰ, ਪਤਾ ਨਹੀਂ ਤੁਹਾਨੂੰ ਕਈਆਂ ਨੂੰ ਹੈਰਾਨਗੀ ਹੋਇਗੀ, ਮੈਂ ਅਕਾਲੀ ਦਲ ਦਾ ਮੈਂਬਰ ਕਦੇ ਨਹੀਂ ਬਣਿਆ। ਪਰ ਮੈਂ ਜੋ ਕੁਛ ਹੋਇਆ ਦੇਖਦਾ ਹਾਂ, ਜੋ ਕੁਛ ਐਸ ਵੇਲੇ ਹੈ, ਜੋ ਮੇਰੀ ਨਜ਼ਰ, ਮਾੜੀ ਮੋਟੀ ਨਜ਼ਰ ਤਾਂ ਦੇਖਦੀ ਹੈ,

*ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭



www.AKJ.Org

ਐਵੇਂ ਤਾਂ ਨਹੀਂ ਗੁਆਏ, ਖੋਤੇ ਨਹੀਂ ਚਾਰੇ ਐਨਾ ਚਿਰ !

ਸੋ ਪਿਆਰਿਓ, ਇਹ ਗੁਰੂ ਕੀ ਬਖਸ਼ਸ਼, ਅਕਾਲੀ ਦਲ, ਬੜੀ ਸਾਂਭ ਕੇ ਰੱਖਣ ਵਾਲੀ ਚੀਜ਼ ਜੇ। ਕੌਣ ਕਹਿ ਰਿਹਾ ਹੈ ? ਚਿਟ-ਪਗੜੀਆ ਬਾਵਾ ਹਰਕ੍ਰਿਸ਼ਨ ਜੀ। ਖੱਦਰ ਨਹੀਂ ਪਾਇਆ, ਕਾਲੀ ਪੱਗ ਨਹੀਂ, ਕਦੇ ਅਕਾਲੀ ਦਲ ਦਾ ਮੈਂਬਰ ਨਹੀਂ ਬਣਿਆ। ਮੈਂ ਤਾਂ ਕਦੇ ਸ਼ਰੋਮਣੀ ਕਮੇਟੀ ਦੀ ਚੋਣ ਵਾਸਤੇ ਵੀ ਖੜਾ ਨਹੀਂ ਹੋਇਆ। ਇਕ ਵਾਰੀ ਮਾਸਟਰ ਹੋਰਾਂ ਬਦੋ-ਬਦੀ, ਦੋ ਸੀਟਾਂ ਖਾਲੀ ਸਨ, ਇਕ ਉਨ੍ਹਾਂ ਛੱਡਣੀ ਸੀ, ਤੇ ਮੈਨੂੰ ਅੰਮ੍ਰਿਤਸਰ ਦੀ ਓਥੇ, ਉਹ ਬਗੈਰ ਚੋਣ ਦੇ ਹੋ ਗਈ, ਉਹ ਸੀਟ ਦਿਤੀ। ਨਹੀਂ ਤੇ ਮੈਂ ਸ਼ਰੋਮਣੀ ਕਮੇਟੀ ਲਈ ਕਦੇ ਨਹੀਂ ਖਲੋਤਾ। ਇਹ ਮੈਂ ਕੋਈ ਵਡਿਆਈ ਦੀ ਗੱਲ ਨਹੀਂ ਕਹਿੰਦਾ। ਮੈਂ ਮੁੰਡੇ ਪੜ੍ਹਾਉਣ ਵਾਲਾ, ਮੇਰਾ ਉਹ ਕੰਮ। ਤੇ ਸਰਦਾਰੀਆਂ ਤੁਹਾਨੂੰ ਸੋਭਣ।

ਸੋ ਪਿਆਰਿਓ, ਮੇਰੀ ਬੁੱਧੀ, ਮੇਰੀ ਅੱਖ ਇਹ ਦੇਖਦੀ ਹੈ, ਐਸਾ ਸਮਾਂ ਆ ਸਕਦਾ ਹੈ, ਗੁਰਦੁਆਰੇ ਖੁਸ ਜਾਣ, ਵਜ਼ਾਰਤਾਂ ਟੁਟ ਜਾਣ। ਇਕ ਚੀਜ਼ ਜੇ ਕਾਇਮ ਹੈ ਤਾਂ ਸਿਖ ਦੀ ਤਾਕਤ ਕਾਇਮ ਰਹੇਗੀ– ਉਹ ਹੈ ਅਕਾਲੀ ਦਲ।

ਤੁਸੀਂ ਕਹੋਗੇ, ਕੀ ਗੱਲ ਕਰਦਾ ਹੈ ਅਕਾਲ ਤਖ਼ਤ ਤੇ ? ਸਰਦਾਰ ਹੁਕਮ ਸਿੰਘ ਹੋਰੀਂ ਹੈਰਾਨ ਹੁੰਦੇ ਹੋਣਗੇ ! ਅਕਾਲੀ ਦਲ ਨੂੰ ਸਾਂਭ ਕੇ ਰਖੋਗੇ ਤਾਂ ਸਭ ਚੀਜ਼ ਗਈ ਹੋਈ ਆ ਜਾਏਗੀ, ਕਿਉਂਕਿ, ਹੋਰ ਸ਼ਕਤੀ ਕੀ ? ਦੇਖੋ ਨਾ, ਸ਼ਰੋਮਣੀ ਕਮੇਟੀ ਵੀ ਜਿਸ ਵੇਲੇ ਟੁਟ ਗਈ, ਤੇ ਸ਼ਰੋਮਣੀ ਕਮੇਟੀ ਦੇ ਮੈਂਬਰਾਂ ਦੀ ਤਾਂ ਕੋਈ ਜੱਥੇਬੰਦੀ ਨਹੀਂ। ਜੇ ਵਜ਼ਾਰਤ ਟੁਟ ਗਈ, ਉਹ ਜਿਸ ਪਾਰਟੀ ਦੇ ਹੈਨ, ਉਹ ਕੁਝ ਕਰੇ, ਪਾਰਟੀ ਦੀ ਜਿੱਤ ਹੋਵੇ ਤਾਂ ਉਨ੍ਹਾਂ ਦੀ ਜਿੱਤ, ਤੇ ਸਿੰਘਾਂ ਦਾ ਚਾਹੇ ਧਾਰਮਕ ਕੰਮ ਹੋਵੇ, ਚਾਹੇ ਰਾਜਸੀ ਹੋਵੇ, ਚਾਹੇ ਕੋਈ ਹੋਰ ਹੋਵੇ। ਦੇਸ਼ ਦੇ ਉਤੇ ਬੜੇ ਬੜੇ ਖ਼ਤਰੇ ਆ ਸਕਦੇ ਨੇ। ਹਾਂ, ਉਸ ਵੇਲੇ ਮਹਾਰਾਜ ਨੇ ਕਿਹਾ–

ਹੋਰੁ ਵੀ ਉਠਸੀ ਮਰਦਾ ਕਾ ਚੇਲਾ ॥*

ਸਿੰਘ ਦਾ ਖੰਡਾ ਜਿਹੜਾ ਹੈਗਾ, ਅਕਾਲੀ ਦਾ ਖੰਡਾ, ਉਹ ਦੇਸ਼ ਦੀ ਸੇਵਾ ਕਰਨ ਵਾਸਤੇ ਖੜਕੇਗਾ।

ਸੋ ਪਿਆਰਿਓ, ਉਹ ਜਿਹੜੀ ਸਾਰੀ ਸਾਡੀ ਧਾਰਮਕ, ਸਾਡੀ ਰਾਜਸੀ, ਸਾਡੀ ਵਿਦਿਅਕ, ਜਿਹੜੀ ਜ਼ਿੰਦਗੀ ਹੈ, ਉਹ ਹੁਣ ਉਸ ਨੂੰ ਬਲ ਦੇਣ ਵਾਲਾ, ਉਹਨੂੰ ਔਕੜਾਂ ਚੋਂ ਕੱਢਣ ਵਾਲਾ, ਅਕਾਲੀ ਦਲ ਹੀ ਹਸਤੀ ਹੈ ਸਾਡੇ ਕੋਲ। ਇਹੋ ਹੈ ਇਕ ਪਿਆਰਿਓ ! ਇਹ ਤੁਸੀਂ ਨਹੀਂ ਬਣਾਈ, ਮੈਂ ਨਹੀਂ ਬਣਾਈ।

ਜਿਸ ਤਰ੍ਹਾਂ, ਕਬਜ਼ਾ ਲੈਣ ਨਹੀਂ ਸੀ ਆਏ। ਅਕਾਲੀ ਦਲ ਦਾ ਕੋਈ ਖ਼ਿਆਲ ਹੀ ਨਹੀਂ ਸੀ। ਉਹ ਗੱਲ ਤਾਂ ਇਹ ਹੋਈ, ਕੁਝ ਕਹਿੰਦਿਆਂ ਅਖੇ ਬੁਰਾ ਲਗਦੈ–ਕਿ ਉਹ ਨਿਹੰਗ ਸਿੰਘ ਜਿਹੜੇ ਨੇ, ਉਨ੍ਹਾਂ ਨੇ ਆ ਇਥੇ ਕਬਜ਼ਾ ਕੀਤਾ, ਸ਼ੁਰੂ ਦੇ ਦਿਨਾਂ ਵਿਚ। ਉਹ ਕਹਿਣ, ਅਸੀਂ ਅਕਾਲੀ ਹਾਂ। ਅਸੀਂ ਸਾਰਿਆਂ ਰਲ ਮਿਲ ਕੇ ਕਿਹਾ, ਨਹੀਂ। ਅਸੀਂ ਕਿਹਾ, ਓਇ ਐਉਂ ਕਰੋ, ਇਥੇ ਸੇਵਾਦਾਰ ਜਿਹੜੇ ਕੰਮ ਕਰਨ ਵਾਲੇ ਨੇ, ਆਦਮੀ ਤੇ ਤੀਵੀਆਂ, ਤੁਸੀਂ ਵੀ ਦੁਪੱਟੇ ਕਾਲੇ ਉਹ ਰੰਗ ਲਵੋ। ਰੰਗ ਕੇ ਅਕਾਲੀ ਬਣ ਗਏ, ਜਾਹਲੀ ਅਕਾਲੀ। ਉਨ੍ਹਾਂ ਦੇ ਮੂੰਹ ਬੰਦ ਕਰਨ ਵਾਸਤੇ। ਉਹ ਕਹਿੰਦੇ, ਅਕਾਲ ਤਖ਼ਤ ਅਕਾਲੀਆਂ ਦਾ। ਅਕਾਲ ਤਖ਼ਤ ਤਾਂ ਨਾਂ ਹੀ ਨਹੀਂ ਸੀ, ਉਸ ਵੇਲੇ ਅਕਾਲ ਬੁੰਗਾ ਕਹਿੰਦੇ ਸੀ। ਉਨ੍ਹਾਂ ਇਕ ਵਾਰੀ ਹਮਲਾ ਕਰ ਦਿਤਾ ਇਥੇ ਆ ਕੇ। ਕੁਝ ਉਹ ਵੀ ਜ਼ਖ਼ਮੀ ਹੋਏ, ਸਾਡੇ ਵੀ ਹੋਏ। ਸੀ. ਆਈ. ਡੀ. ਦੀ ਸ਼ਰਾਰਤ। ਚਲੋ, ਖ਼ੈਰ !

ਸੋ ਪਿਆਰਿਓ, ਇਹ ਗੱਲ ਠੀਕ ਹੈ, ਮੈਂ ਉਨ੍ਹਾਂ ਵਿਚੋਂ ਹਾਂ, ਜਿਨ੍ਹਾਂ ਇਕ ਲੰਬੀ ਇਤਿਹਾਸ ਦੇ ਵਿਚ ਦੇਖਿਆ ਕਿ ਕਈ ਵਾਰੀ ਅਕਾਲੀ ਦਲ ਬੜਾ ਭਾਰੀ ਖ਼ਤਰਾ ਬਣ ਗਿਆ, ਅਰ ਕਈ ਫ਼ੈਸਲੇ ਗ਼ਲਤ ਹੋਏ, ਕਿਉਂਕਿ ਜਿਹੜੇ ਸ਼ਰੋਮਣੀ ਕਮੇਟੀ, ਇਹ ਸਾਰੇ ਕੰਮ ਕਾਜ ਰਾਜਸੀ ਕਰਨ ਵਾਲੇ ਹਨ,

*ਤਿਲੰਗ ਮ: ੧, ਪੰਨਾ ੭੨੩



www.AKJ.Org

ਉਨ੍ਹਾਂ ਦੇ ਨਾਲ ਅਕਾਲੀ ਦਲ ਮਿਲ ਕੇ ਨਹੀਂ ਸੀ ਚਲਦਾ, ਉਨ੍ਹਾਂ ਨੂੰ ਡੇਗਣਾ ਚਾਂਹਦਾ ਸੀ। ਤੇ ਉਹ ਡਰਦੇ ਮਾਰੇ, ਕਿ ਅਸੀਂ ਨਾ ਕੀਤਾ, ਤੇ ਇਸ ਪ੍ਰੋਗਰਾਮ ਨੂੰ, ਇਸ ਕੰਮ ਨੂੰ ਅਕਾਲੀ ਦਲ ਹੱਥ ਵਿਚ ਲੈ ਲਏਗਾ, ਤੇ ਅਸੀਂ ਵਿਚ ਐਵੇਂ ਫਾਡੀ ਰਹਿ ਗਏ। ਉਹ ਆਪਣੀ ਸੋਚਣੀ, ਆਪਣੇ ਵਿਚਾਰ ਦੇ ਵਿਰੁਧ ਹੋ ਕੇ, ਅਕਾਲੀ ਦਲ ਦੇ ਪ੍ਰੈਸ਼ਰ (ਦਬਾਅ) ਦੇ ਹੇਠ ਆ ਕੇ ਕਈ ਫ਼ੈਸਲੇ ਹੋਏ। ਉਸ ਵੇਲੇ, ਮੈਂ ਕਹਿੰਦਾ ਹਾਂ, ਅਕਾਲੀ ਦਲ ਖ਼ਤਰਾ ਬਣ ਗਿਆ।

ਅਕਾਲੀ ਦਲ ਸਿਰਫ਼ ਸੇਵਾ ਵਾਸਤੇ ਹੈ। ਇਸ ਨੂੰ ਉਹ ਪਦਵੀ ਮਿਲੀ ਜਿਹੜੀ ਕਿਸੇ ਨੂੰ ਨਹੀਂ ਮਿਲੀ। ਇਹ ਸੇਵਾ ਕਰਦਾ ਤੇ ਸੇਵਾ ਕਰਾਉਂਦਾ ਹੈ। ਇਹ ਸੇਵਕ ਪੈਦਾ ਕਰਦਾ ਹੈ ਅਤੇ ਸੇਵਕਾਂ ਨੂੰ ਜੀਵਾਂਦਾ ਹੈ। ਇਹ ਸੇਵਕਾਂ ਨੂੰ ਬਲ ਦੇਂਦਾ ਹੈ। ਇਹੋ ਕੰਮ ਹੈ ਇਸ ਦਾ।

ਸੋ ਪਿਆਰਿਓ, ਅਕਾਲੀ ਦਲ ਨੂੰ ਕਾਇਮ ਰਖਣਾ, ਅਕਾਲੀ ਦਲ ਤੇ ਮਿਹਨਤ ਕਰ ਕੇ ਚੰਗੇ ਆਦਮੀ ਪਾਣਾ, ਅਕਾਲੀ ਦਲ ਦੇ ਹੈੱਡ ਕਿਸੇ ਗੁਰੂ ਕੇ ਲਾਲ ਨੂੰ ਬਣਾਣਾ, ਜਿਸ ਨੂੰ ਨਾ ਕੋਈ ਖ਼ਰੀਦ ਸਕੇ, ਨਾ ਕੋਈ ਉਸ ਨੂੰ ਡਰਾ ਸਕੇ। ਉਹ ਗੁਰੂ ਕਾ ਸੂਰਮਾ, ਉਹ ਦਰਬਾਨ ਹੈ ਪੰਥ ਦਾ। ਹੋਰ ਉਹਨੂੰ ਕੀ ਚਾਹੀਦੈ ?

ਸੋ ਪਿਆਰਿਓ, ਇਕ ਸਾਧ ਸੰਗਤ ਧਰਮਸਾਲ ਦੇ ਵਿਚ, ਇਕ ਜਿਹੜੀਆਂ ਰੀਤੀਆਂ ਨੇ, ਗੁਰੂ ਗਰੀਬ-ਨਿਵਾਜ ਨੇ, ਕਈ ਪਾਤਸ਼ਾਹੀਆਂ ਨੇ, ਇਕੱਠੀਆਂ ਕੀਤੀਆਂ। ਇਹ ਮਹਾਰਾਜ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਇਹ ਵਾਕ, ਕੀਰਤਨ, ਇਹ ਕਥਾ ਵਖਿਆਨ, ਇਹ ਗੋਸ਼ਟ, ਇਹ ਸੇਵਾ, ਇਹ ਲੰਗਰ, ਇਹ ਜੋੜਿਆਂ ਦੀ, ਇਹ ਕਿਆ ਕਹੀਏ, ਬੇਨਜ਼ੀਰ. ਔਰ ਕਹੀਂ ਦੇਖਨੇ ਮੇਂ ਨਹੀਂ ਆਏਗੀ।

ਸੋ ਸਾਹਿਬ ਸੱਚੇ ਪਾਤਸ਼ਾਹ ! ਮਿਹਰ ਕਰੀਂ, ਆਗੂਆਂ ਨੂੰ, ਆਂਗੂਆਂ ਨੂੰ ਮਦਦ ਕਰੀਂ, ਅਗਵਾਈ ਕਰੀਂ।

ਪਰ ਪਿਆਰਿਓ, ਸਾਨੂੰ ਵੀ ਸੁਮੱਤ ਦੇਵੇ। ਓਇ, ਆਗੂਆਂ ਨੂੰ ਕੰਮ ਵੀ ਤਾਂ ਕਰਨ ਦਿਓ ! ਜਿਸ ਆਗੂ ਦੇ ਹੱਥ ਪੈਰ ਬੰਨ੍ਹ ਦਿਓਗੇ ਉਹ ਕੀ ਕੰਮ ਕਰੇਗਾ ? ਫੇਰ ਜੇ ਤੁਸੀਂ ਅਭੁਲ ਨਹੀਂ ਤੇ ਮੈਂ ਅਭੁਲ ਨਹੀਂ, ਤੇ ਜਿਹੜੇ ਕੰਮ ਕਰਨ ਵਾਲੇ ਨੇ, ਇਹ ਅਭੁੱਲ ਬਣ ਗਏ ? ਉਨ੍ਹਾਂ ਤੋਂ ਵੀ ਭੁੱਲਾਂ ਹੋਣਗੀਆਂ। ਮੈਂ ਇਹ ਨਹੀਂ ਕਹਿ ਰਿਹਾ ਕਿ ਬੇਈਮਾਨ ਆਦਮੀਆਂ ਦੇ, ਜਿਹੜੇ ਕਿ ਹੈਨ, ਹੱਥ-ਠੋਕਾ ਬਣ ਜਾਵੇ। ਮੇਰੀ ਗੱਲ ਨੂੰ ਪ੍ਰੇਮ ਨਾਲ ਸਮਝਣ ਦੀ ਕੋਸ਼ਿਸ਼ ਕਰੋ, ਆਪਣੇ ਜਿਹੜੇ ਲੀਡਰ ਨੇ, ਉਨ੍ਹਾਂ ਦੀ ਮਦਦ ਕਰੀਏ, ਮਸਲਨ ਮੈਂ ਹੁਣ ਕਹਿੰਦਾ ਤਾਂ ਸੰਗਦਾ ਹਾਂ, ਪਈ ਮੇਰੇ ਦਿਲ ਨੂੰ ਬੜੀ ਖ਼ੁਸ਼ੀ ਹੁੰਦੀ ਹੈ, ਐਸ ਵੇਲੇ ਸਿੰਘਾਂ ਦੇ ਕੰਮ– ਓਇ ਯੂਨੀਵਰਸਿਟੀਆਂ ਬਣ ਗਈਆਂ, ਭਾਵੇਂ ਖਪ-ਖੁਪ ਹੀ ਪੈਂਦੀ ਹੈ, ਯੇਹ ਹੈ ਵੋਹ ਹੈ, ਸਾਰਿਆਂ ਦੇ ਹੈਗੀ ਹੀ ਹੈ।

ਔਹ ਪੰਜਾਬੀ ਸੂਬਾ ਬਣਿਆ, ਮਹਾਰਾਜ ਸਚੇ ਪਾਤਸ਼ਾਹ ਦੀ ਦੇਣ–

ਕੋਊ ਕਿਸੀ ਕੋ ਰਾਜ ਨ ਦੇ ਹੈ।
ਜੋ ਲੇ ਹੈ ਨਿਜ ਬਲ ਸੇ ਲੈ ਹੈ।

ਖ਼ਾਲਸੇ ਨੇ ਬੇਹੱਦ ਕੁਰਬਾਨੀਆਂ ਦੇ ਨਾਲ ਲਿਆ। ਮੈਂ ਨਾਂ ਨਹੀਂ ਲੈਣਾ ਚਾਹੁੰਦਾ, ਉਹ ਫਿਰ ਐਵੇਂ ਈਰਖਾ ਜੇਹੀ ਪੈਦਾ ਹੁੰਦੀ ਹੋ ਜਾਂਦੀ ਹੈ ਕਿ ਫਲਾਣੇ ਨੇ ਕੀਤੀ, ਉਹ ਕੀਤੀ। ਸਾਰੀ ਦੁਨੀਆ ਜਾਣਦੀ ਹੈ ਜਿਨ੍ਹਾਂ ਨੇ ਕੀਤੀਆਂ। ਭੁੱਲਾਂ ਭੀ ਹੋਈਆਂ, ਗ਼ਲਤੀਆਂ ਭੀ ਹੋਈਆਂ, ਪਰ ਕੰਮ ਸਿਰੇ ਚੜ੍ਹ ਗਿਆ। ਪੰਜਾਬੀ ਸੂਬਾ ਬੜੀ ਭਾਰੀ ਚੀਜ਼ ਏ। ਇਹ ਕਿਨ੍ਹ ਦਿਵਾਇਆ? ਪਤਾ ਨਹੀਂ, ਤੁਹਾਡਾ ਧਿਆਨ ਕਦੇ ਇਧਰ ਗਿਆ ਕਿ ਨਹੀਂ ? ਪੰਜਾਬੀ ਸੂਬਾ,ਇਹ ਸੱਚੀ ਗੱਲ ਜੇ, ਐਡਾ ਕੁਰਬਾਨੀਆਂ ਨੇ ਨਹੀਂ ਦਿਵਾਇਆ, ਇਹ ਪੰਜਾਬੀ ਜ਼ਬਾਨ ਨੇ ਨਹੀਂ ਦਿਵਾਇਆ, ਇਹ ਦਿਵਾਇਆ ਜੇ ਗੁਰਮੁਖੀ ਅੱਖਰਾਂ ਨੇ,ਲਿੱਪੀ ਨੇ। ਜੇ ਗੁਰਮੁਖੀ ਅੱਖਰ ਨਾ ਹੁੰਦੇ ਪੰਜਾਬੀ ਜ਼ਬਾਨ ਲਿਖਣ ਵਾਸਤੇ, ਤੇ ਸਾਨੂੰ ਗੁਰੂ ਸੁਮੱਤ ਨਾ ਦਿੰਦਾ ਕਿ ਅਸੀਂ ਮਰ ਮਿਟੀਏ ਇਨ੍ਹਾਂ ਅੱਖਰਾਂ ਪਿਛੇ। ਤੇ ਪੰਜਾਬੀ ਕਾ ਮਤਲਬ ਹੈ ਪੰਜਾਬੀ



www.AKJ.Org

ਜ਼ਬਾਨ ਗੁਰਮੁਖੀ ਅੱਖਸ਼ਰੋਂ ਮੇਂ, ਲਿਪੀ ਮੇਂ ਲਿਖੀ ਹੋਈ। ਤੇ ਪੰਜਾਬੀ ਸੂਬਾ ਕੋਈ ਨਹੀਂ ਸੀ ਬਣਨਾ। ਬਣਿਆ, ਬਹੁਤ ਅੱਛਾ ਹੋਇਆ।

ਸੋ ਭਰਾਵੋ, ਜਿਸ ਤਰ੍ਹਾਂ ਸ਼੍ਰੋਮਣੀ ਕਮੇਟੀ ਵਾਲਿਆਂ ਵਲੋਂ, ਤੁਹਾਡਾ ਖ਼ਿਆਲ ਏ ਕਿ ਮੈਂ ਕੋਈ ਅੰਨ੍ਹਾਂ? ਸਾਨੂੰ ਪਤਾ ਨਹੀਂ, ਜੋ ਕੁਝ ਹੁੰਦਾ ਰਿਹੈ ਪਿਛੇ ਜਿਹੇ? ਅਤੇ ਜੋ ਕੁਝ ਹੋ ਸਕਦੈ? ਅਤੇ ਕੀ ਕਰੀਏ? ਤੁਹਾਨੂੰ ਬਣਾ ਦਈਏ ਗੁਰਦਵਾਰਿਆਂ ਦਾ ਇਨਚਾਰਜ? ਮੈਨੂੰ ਬਣਾ ਦੇਣ ਇਕੱਲੇ ਨੂੰ ਡਿਕਟੇਟਰ? ਕਨੂੰਨ ਜੁ ਹੋਇਆ! ਚੋਣਾਂ ਹੋਣੀਆਂ ਹੋਈਆਂ! ਤੇ ਚੋਣਾਂ ਦਾ ਫਿਟੇ ਮੂੰਹ! ਪਰ ਚੋਣਾਂ ਬਿਨਾਂ ਗੁਜ਼ਾਰਾ ਵੀ ਨਹੀਂ। ਇਹ ਹੁਣ ਚੋਣ ਹੀ ਕਹਿੰਦੇ ਨੇ ਕਿ ਯਾਰ੍ਹਾਂ ਸਾਲ ਹੋ ਗਏ ਨੇ, ਕਰਾਂਦੀ ਨਹੀਂ ਸਰਕਾਰ। ਦੇਖੋ, ਗੱਲ ਸੋਚਣ ਵਾਲੀ ਏ, ਚੋਣ ਕਰਾਣ ਵਿਚ ਕੁਝ ਸਮਝਦੇ ਹੋਣੇ ਨੇ। ਉਨ੍ਹਾਂ ਨੂੰ ਕੁਝ ਭਾਉਂਦਾ ਈ ਨਹੀਂ, ਤਾਂ ਹੀ ਨਹੀਂ ਨਾ ਕਰਾਂਦੇ। ਅਸੀਂ ਤਾਂ ਕਹਿੰਦੇ ਹਾਂ, ਕਰਾਓ।

ਸੋ ਪਿਆਰਿਓ, ਬੜਾ ਮੁਸ਼ਕਲ ਕੰਮ ਹੈ, ਗੁਰ-ਦੁਆਰਿਆਂ ਦਾ ਪਰਬੰਧ! ਤੌਬਾ ਤੌਬ! ਮੈਂ ਇਸੇ ਕਰਕੇ ਖੜਾ ਨਹੀਂ ਸਾਂ ਹੁੰਦਾ। ਨਰਮ ਜਿਹਾ ਆਦਮੀ ਹਾਂ। ਤੇ ਨਾਲੇ ਗੁਰੂ ਦੀ ਫ਼ੌਜ ਦੇ ਵਿਚ ਕੋਈ ਅਟੰਕ ਵੀ ਚਾਹੀਦੈ। ਹਾਂ, ਉਹ ਅਟੰਕ ਬੜਾ ਕੰਮ ਕਰਦੇ ਨੇ। ਉਨ੍ਹਾਂ ਦੀ ਜਿਹੜੀ ਵਿਚਾਰ-ਦ੍ਰਿਸ਼ਟੀ ਜੋ ਵੇਖਦੇ ਨੇ, ਉਹ ਦੂਸਰਿਆਂ ਨਾਲੋਂ ਜ਼ਰਾ ਕੁ ਵਖਰੀ ਹੁੰਦੀ ਹੈ ਤੇ ਉਹ ਲੀਡਰਾਂ ਦੇ ਕੰਮ ਆਉਂਦੀ ਹੈ। ਇਹ ਮੈਨੂੰ ਇਕੱਲੇ ਨੂੰ, ਮੇਰਾ ਕੋਈ ਧੜਾ ਨਹੀਂ ਸੀ, ਪਰ ਮੈਨੂੰ ਇਕੱਲੇ ਨੂੰ ਇਹ ਸਾਰੇ ਪਿਆਰ ਕਰਦੇ ਰਹੇ, ਕਈ ਵੇਰ ਬੁਲਾਂਦੇ ਰਹੇ। ਉਹ ਇਸ ਕਰਕੇ, ਉਹ ਦੇਖਣਾ ਸੁਣਨਾ ਚਾਹੁੰਦੇ ਸਨ ਕਿ ਅਟੰਕ ਆਦਮੀ ਕੀ ਵਿਚਾਰ ਕਰਦਾ ਹੈ, ਅਟੰਕ ਆਦਮੀ ਸਾਡੀ ਕੀ ਮਦਦ ਕਰ ਸਕਦਾ ਹੈ। ਉਹ ਅਟੰਕਤਾ ਜਿਹੜੀ ਹੈ ਇਹ ਵੀ ਇਕ, ਕੌਮਾਂ ਵਿਚ ਹੁੰਦੀ ਹੈ। ਮੈਂ ਇਕ ਗੱਲ ਕਰਦਾਂ, ਉਹ ਜਿਹੜਾ ਸਭ ਤੋਂ ਵਡਾ ਹੈ ਐਸ ਵੇਲੇ, ਸ਼ਕਤੀ ਜੇਹੀ, ਹਿੰਦੁਸਤਾਨ ਦੀ ਰਾਜਸੀ—ਜੈ ਪ੍ਰਕਾਸ਼ ਨਰਾਇਣ ਉਹ ਅਟੰਕ ਹੈ। ਅਰ ਉਸ ਦਾ ਸਾਰਾ ਅਸਰ ਹੈ, ਭਾਰ ਹੈ, ਉਸ ਦੀ ਅਟੰਕਤਾ ਕਰਕੇ। ਤੇ ਜਿਹੜੇ ਅਟੰਕ ਹਨ ਭਾਂਗੇ, ਘੋਟ ਕੇ ਪੀਣ ਵਾਲੇ ਨਿਹੰਗ ਸਿੰਘ ਮੇਰੇ ਵਰਗੇ, ਉਨ੍ਹਾਂ ਨੂੰ ਵੀ ਜ਼ਰਾ ਜਿਗਰੇ ਨਾਲ ਸਹਾਰ ਲਿਆ ਕਰੋ। ਉਨ੍ਹਾਂ ਨੂੰ ਵੀ ਜੀਣ ਦਿਓ, ਉਨ੍ਹਾਂ ਨੂੰ ਵੀ ਆਪਣੇ ਸੇਵਕ ਸਮਝੋ।

ਸੋ ਪਿਆਰਿਓ, ਗਿਆਨੀ ਜੀ ਨੇ, ਮੈਨੂੰ ਬੜੀ ਖ਼ੁਸ਼ੀ ਹੋਈ, ਨਾਂ ਲਿਆ ਜਿਹੜੀਆਂ ਚੀਜ਼ਾਂ—ਗੁਰਦੁਆਰਾ ਕਾਨੂੰਨ ਤੇ ਸ਼ਬਦਾਰਥ—ਦਾ। ਪਰ ਇਕ ਅਫ਼ਸੋਸ ਦੀ ਗੱਲ ਹੈ ਕਿ ਤੁਸੀਂ ਕੋਸ਼ਿਸ਼ ਕਰੋ, ਸ਼ਬਦਾਰਥ ਦਾ ਪੜ੍ਹਿਆਂ ਵਿਚ ਕੋਈ ਪਰਚਾਰ ਨਹੀਂ ਹੋਇਆ। ਮੈਂ ਜਿਥੇ ਕਿਧਰੇ ਵੀ ਗਿਆਂ, ਅਤੇ ਪੜ੍ਹੇ ਲਿਖੇ ਵਿਦਵਾਨ ਪ੍ਰੇਮੀਆਂ ਨਾਲ ਗੱਲ ਕੀਤੀ, ਉਨ੍ਹਾਂ ਨੂੰ ਸ਼ਬਦਾਰਥ ਦਾ ਪਤਾ ਈ ਨਹੀਂ। ਸੋ ਇਹ ਚੀਜ਼ ਹੈ, ਪੜ੍ਹਿਆਂ ਵਿਚ ਇਸ ਦਾ ਪਰਚਾਰ ਕਰੋ ਕਿ ਇਸ ਨੂੰ ਵਰਤਣ ਵੀ।

ਅਛਾ ਪਿਆਰਿਓ, ਸਭ ਕੁਛ ਹੋਇਗਾ, ਜੇ ਅਕਾਲੀ ਦਲ ਜੀਉਂਦਾ ਰਹੇ। ਅਕਾਲੀ ਦਲ, ਜੋ ਉਹਦਾ ਕੰਮ ਹੈ, ਉਹ ਕਰੇ। ਤੇ ਜੇ ਅਸੀਂ ਕੰਮ ਕਰਨ ਵਾਲਿਆਂ ਨੂੰ ਕੰਮ ਕਰਨ ਦੇਈਏ, ਉਨ੍ਹਾਂ ਨਾਲ ਪਿਆਰ ਮੁਹੱਬਤ ਕਰੀਏ।

ਹੁਣ ਮੈਂ ਤੁਹਾਨੂੰ ਆਪਣੇ ਹਿਰਦੇ ਦੀ ਗਲ ਦਸਦਾਂ। ਮੈਂ ਗੱਲ ਕਰਦਾਂ, ਪਰ ਐਨੇ ਸਾਲਾਂ ਦਾ ਸਭ ਕੁਝ ਦੇਖ-ਦਿਖਾ ਕੇ ਜੇ ਕਿਤੇ ਅਜ ਰਾਤ ਨੂੰ ਵੀ ਪ੍ਰਾਣ ਨਿਕਲ ਜਾਣ, ਮੈਨੂੰ ਇਕ ਬੜੀ ਖ਼ੁਸ਼ੀ ਹੋਵੇਗੀ ਕਿ ਪੰਥ ਦਾ ਬੜਾ ਪਰਤਾਪ ਦੇਖਿਐ। ਜੋ ਸ਼੍ਰੋਮਣੀ ਕਮੇਟੀ ਦੀ ਅਧੋਗਤੀ ਪਿਛੇ ਜਿੰਨੇ ਤਕ ਹੋ ਚੁਕੀ ਹੈ, ਤੁਸੀਂ ਵੀ ਦੇਖੀ, ਮੈਂ ਵੀ ਦੇਖੀ—ਸਾਇਦ ਮੈਂ ਜ਼ਿਆਦਾ ਸਮਝਦਾ ਸਾਂ ਪੁਰਾਣਾ ਹੋਣ ਕਰਕੇ। ਸ਼੍ਰੋਮਣੀ ਕਮੇਟੀ ਦਾ ਕੰਮ ਜਿੰਨੇ ਚਿਕਰ ਭੁਲੜ ਬੰਦਾ ਕਰਨ ਵਾਲਾ ਹੈ, ਕਾਫ਼ੀ ਕੁਝ ਤੁਹਾਡੇ ਸੇਵਕ, ਮੈਂ ਨਾਂ ਨਹੀਂ ਲੈਂਦਾ, ਮੈਂ ਕੀ ਲੈਣਾ ਟੌਹੜਾ ਸਾਹਿਬ ਤੋਂ ਜਾਂ ਕਿਸੇ ਹੋਰ ਤੋਂ? ਤੇ ਇਕੱਲੇ ਟੌਹੜਾ ਸਾਹਿਬ ਲੈ ਲਓ, ਉਹ ਕੀ ਕਰ ਸਕਦੇ ਨੇ? ਤੇ ਫਿਰ ਤੁਹਾਡੇ ਸੇਵਕ ਰਾਜਸੀ



www.AKJ.Org

ਕੰਮ ਸੋਹਣਾ ਕਰਦੇ ਨੇ, ਬੜੀ ਸਿਆਣਪ ਨਾਲ।

ਪਿਆਰਿਓ, ਅਸੀਂ ਰਾਜਸੀ ਤਾਕਤ ਚਾਹਨੇ ਆਂ। ਐਵੇਂ ਨਹੀਂ ਕਹਿੰਦੇ ਫਿਰਨਾ, ਮਹਾਰਾਜ, ਮੋਹ ਮਾਇਆ, ਮੋਹ ਮਾਇਆ, ਚਲ ਓਇ, ਮੋਹ ਮਾਇਆ! ਅਖੇ ਜੀ ਇਹ, ਇਹ ਮਾੜੇ ਨੇ। ਤੇ ਦੂਏ ਚੰਗੇ ਨੇ? ਜੇ ਚੋਰਾਂ ਦਾ ਰਾਜ ਹੋਣੈ ਤਾਂ ਹਿੰਦੂ ਚੋਰ ਦੇ ਨਾਲ ਸਿਖ ਚੋਰ ਵੀ ਮਿਲੇ ਹੋਏ ਸਨ। ਮੈਂ ਇਹ ਐਵੇਂ ਜ਼ਰਾ ਜੋਸ਼ ਨਾਲ ਗੱਲ ਕਹੀ ਹੈ। ਮੇਰਾ ਮਤਲਬ ਇਹ ਹੈ ਕਿ, ਕੋਈ ਸਾਡੇ ਹੀ ਰਾਜਸੀ ਆਦਮੀ ਚੋਰ ਨੇ? ਪੰਜਾਬ ਦੇ ਰਾਜਸੀ ਕੰਮ ਹਨ, ਭਾਈ, ਹੋਰਨਾਂ ਨਾਲੋਂ, ਦੂਜਿਆਂ ਨਾਲੋਂ, ਕੋਈ ਮਾੜੇ ਨਹੀਂ, ਚੰਗੇ ਹੀ ਨੇ। ਹੈਂ! ਪਈ ਸਾਡਾ ਉਹ ਬਰਨਾਲਾ ਸਾਹਿਬ, ਬੜੀ ਸੋਭਾ ਪਾਈ ਹੈ।

ਸੋ ਭਰਾਵੋ, ਪਹਿਲੋਂ ਆਪਣਾ ਘਰ ਸੋਧ ਲਈਏ। ਉਹ ਕਿਹੜਾ? ਇਹ ਵਿਦਿਆ ਦਾ। ਫਿਟੇ ਮੂੰਹ ਸਾਡਾ ਟੀਚਰਾਂ ਦਾ। ਮੈਂ ਕਹਿ ਸਕਦਾ ਹਾਂ, ਕਿਉਂਕਿ ਮੈਂ ਸਾਰੀ ਉਮਰ ਆਪ ਟੀਚਰ ਰਿਹਾਂ। ਮੈਂ ਆਪਣੇ ਆਪ ਨੂੰ ਫਿਟੇ ਮੂੰਹ ਕਹਿਨਾਂ। ਉਹ ਜੋ ਕੁਝ ਖਲਜਗਣੀ ਸੀ, ਸਾਡੇ ਕਾਲਜ, ਸਾਡੀਆਂ ਯੂਨੀਵਰਸਿਟੀਆਂ, ਸਾਡੇ ਹੋਰ ਅਦਾਰੇ, ਇਹ ਮੰਦੇ ਹਾਲ ਨੇ। ਮੈਂ ਕੀ ਦੱਸ ਸਕਦਾ ਹਾਂ, ਕਿਵੇਂ ਉਨ੍ਹਾਂ ਦਾ ਸੁਧਾਰ ਹੋਵੇ। ਮੈਂ ਕੋਈ ਡਾਕਟਰ ਨਹੀਂ।

ਕਈ ਵਾਰੀ ਬੜੇ ਸਜਣਾਂ ਨੇ ਪਿਆਰ ਦੇ ਨਾਲ ਪਿਛਲੇ ਦਸ ਪੰਦਰ੍ਹਾਂ ਵੀਹ ਸਾਲ ਪਹਿਲਾਂ ਵੇਹਲੇ ਹੋ ਕੇ ਮੈਨੂੰ ਮਿਲਣਾ ਤੇ ਕਹਿਣਾ ਕਿ ਬਾਵਾ ਜੀ, ਬੜੀ ਅਧੋਗਤੀ ਜੇ ਗੁਰਦਵਾਰਿਆਂ ਦੀ, ਕੋਈ ਦਸੋ ਉਪੱਾ।

ਮੈਂ ਕਿਹਾ, "ਮੇਰੇ ਪਾਸ ਕੋਈ ਉਪੱਾ ਨਹੀਂ।"

"ਤੁਸਾਂ ਬੜਾ ਕੁਝ ਦੇਖਿਐ।"

ਮੈਂ ਕਿਹਾ, "ਇਸੇ ਕਰਕੇ ਕਹਿਨਾਂ।"

"ਫਿਰ ਕੀ ਹੋਵੇਗਾ?"

"ਮੈਂ ਨਹੀਂ ਕੁਛ ਕਹਿ ਸਕਦਾ। ਸਿਖਾਂ ਦੀ ਕਿਸਮਤ ਅੱਛੀ ਹੋਈ ਤਾਂ ਗੁਰੂ ਕਲਾ ਵਰਤਾਏਗਾ। ਜਿਸ ਤਰੀਕੇ ਨਾਲ ਪਹਿਲਾਂ ਗੁਰਦੁਆਰੇ ਲਏ, ਉਸ ਤਰ੍ਹੀਕੇ ਨਾਲ ਨਾ ਹੁਣ ਸੁਧਾਰ ਕੀਤਾ ਜਾ ਸਕਦਾ ਹੈ ਤੇ ਨਾ ਅਸਾਂ ਕਰਨੈਂ। ਕਿਉਂਕਿ ਮੁੜ ਕੇ ਉਹੋ ਹਾਲਤ ਹੋਏਗੀ।"

"ਇਹ, ਫਿਰ ਕੀ ਬਣੇਗਾ?"

ਮੈਂ ਕਿਹਾ, "ਕਿਸੇ ਨੂੰ ਕੁਝ ਨਹੀਂ ਕਹਿ ਸਕਦਾ। ਗੁਰਦਵਾਰਿਆਂ ਦੇ ਧਾਨ ਤੋਂ ਬਚਣਾ, ਧਰਮ-ਸਾਲ ਦੀ ਝਾਕ ਤੋਂ ਬਚਣਾ ਭਾਈ ਗੁਰਦਾਸ ਜੀ ਨੇ ਕਿਹਾ ਹੈ। ਖ਼ੈਰ, ਜਿੰਨਾ ਚਿਰ ਹੈਨ, ਭਾਈ ਮੇਰੇ ਨਾਲੋਂ ਚੰਗਾ ਕਰਦੇ ਨੇ। ਗੁਰੂ ਇਨ੍ਹਾਂ ਨੂੰ ਹੋਰ ਸਮਰਥਾ ਦੇਵੇ, ਹੋਰ ਦੇਵੇ, ਤੇ ਸਾਨੂੰ ਵੀ ਦੇਵੇ ਸੇਵਕਾਂ ਨੂੰ ਕੁਝ ਮਦਦ ਕਰਨ ਲਈ।" ਵਾਹਿਗੁਰੂ!

ਸੱਚੇ ਪਾਤਸ਼ਾਹ! ਮੈਂ ਇਨ੍ਹਾਂ ਨੂੰ ਜ਼ੋਰ ਦੇ ਕੇ ਕਹਿ ਕੇ ਆਇਆ ਸੀ, ਹੁਕਮ ਸਿੰਘ ਹੋਰਾਂ ਨੂੰ, ਮੈਨੂੰ ਜ਼ੋਰ ਨਾ ਦੇਈਂ ਬੋਲਣ ਦਾ, ਤੇ ਮੈਂ ਤਾਂ ਕਿੰਨਾਂ ਕੁਛ ਬੋਲ ਗਿਆ ਹਾਂ! ਪਰ ਬੋਲਿਆਂ ਦਿਲ ਦੇ ਉਮਾਹ 'ਚ। ਤੇ ਬੋਲਣ ਵਿਚ ਗਲਤੀਆਂ ਵੀ ਕੀਤੀਆਂ ਹੋਣਗੀਆਂ।

ਗੱਲ ਜਿਹੜੀ ਮੈਂ ਕੀਤੀ ਹੈ, ਪਤੇ ਦੀ ਕੀਤੀ ਹੈ। ਉਹ ਸਾਡੇ ਲੀਡਰਾਂ ਦੀ ਵਿਚਾਰਨ ਵਾਲੀ ਹੈ। ਵਾਹ ਸੱਚੇ ਪਾਤਸ਼ਾਹ! ਵਾਹ!!

ਹਮ ਕੂਕਰ ਤੇਰੇ ਦਰਬਾਰਿ ॥
ਭਉਕਹਿ ਆਗੈ ਬਦਨੁ ਪਸਾਰਿ* ॥

ਮੈਂ ਬਹੁਤ ਬਹੁਤ ਮਾਫ਼ੀ ਮੰਗਦਾ ਹਾਂ। ਸਮਾਂ ਵੀ ਲਿਆ, ਬੋਲਿਆ ਵੀ ਬਹੁਤ। ਬਹੁਤਾ ਬੋਲੀਏ ਤਾਂ ਕੁਝ ਕੁਚੱਜੇ ਲਫ਼ਜ਼ ਵੀ ਮੂੰਹੋਂ ਨਿਕਲ ਜਾਂਦੇ ਹਨ। ਉਹ ਫਿਰ ਪਤਾ ਨਹੀਂ ਮਨਾ—

'ਅਮੀਰ' ਜਮ੍ਹਾ ਹੈ ਅਹਿਬਾਬ, ਹਾਲੇ ਦਿਲ ਕਹਿ ਲੋ।
ਫਿਰ ਇਤਫਾਕ ਦਿਲੇ ਨਾ-ਤਵਾਂ, ਰਹੇ ਨਾ ਰਹੇ।†

---

*ਰਾਮਕਲੀ ਕਬੀਰ ਜੀਉ, ਪੰਨਾ ੯੬੯

†ਹੇ ਅਮੀਰ! ਜਿਗਰੀ ਦੋਸਤ ਇਕੱਠੇ ਹੋਏ ਹਨ, ਇਨ੍ਹਾਂ ਮੂਹਰੇ ਆਪਣੇ ਦਿਲ ਦਾ ਹਾਲ ਕਹਿ ਲੈ। ਹੇ ਮੇਰੇ ਕਮਜ਼ੋਰ ਦਿਲ, ਫਿਰ ਇਹ ਮੌਕਾ ਬਣੇ ਜਾਂ ਨਾ ਬਣੇ।



www.AKJ.Org

ਓਇ ਮਨਾ ! ਕਦ ਕਦ ਪੰਥ ਅਕਾਲ ਤਖ਼ਤ ਤੇ ਇਕੱਠਾ ਹੋਇਆਂ ਹੋਵੇਗਾ ! ਅਤੇ ਤੂੰ ਉਹਦੇ ਚਰਨਾਂ ਵਿਚ ਖਲੋ ਕੇ ਕੂਕ ਮਾਰਨ ਜੋਗਾ ਹੋਵੇਂਗਾ ! ਸ਼ੁਕਰ ਕਰ ਤੇ ਗੁਰੂ ਦੀ ਸੰਗਤ ਦਾ ਧੰਨਵਾਦ ਕਰ।

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਹ ॥

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।
ਸਭ ਸਿਖਨ ਹੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।

ਮੈਂ ਅਪਨਾ ਸੁਤ ਤੁਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕਉ ਸਾਜਾ।
ਜਹਾ ਤਹਾ ਤੈ ਧਰਮੁ ਚਲਾਇ।
ਕੁਬੁਧਿ ਕਰਨ ਤੇ ਲੋਕ ਹਟਾਇ।
ਠਾਢ ਭਇਓ ਮੈ ਜੋਰ ਕਰ,
ਬਚਨ ਕਹਾ ਸਿਰ ਨਿਆਇ ॥
ਪੰਥ ਚਲੈ ਤਬ ਜਗਤ ਮਹਿ,
ਜਬ ਤੁਮ ਕਰੋ ਸਹਾਇ ॥
ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹ ॥

---

# ਅਜਬ ਰੌਣਕਾਂ ਤੇਰੇ ਦਰਬਾਰ ਦੀਆਂ

[ਵਲੋਂ :—ਸ: ਜੈਮਲ ਸਿੰਘ ਜੀ 'ਹਮਦਰਦ', ੯੬/੧ ਓਲਡ ਰਾਜ ਮੋਹਲਾ, ਇੰਦੋਰ]

ਲਿਖਾਂ ਕੀ ਕੀ, ਜਿਹਬਾ ਵਿਚ ਸ਼ਕਤੀ ਨਹੀਂ,
ਜਸ ਉਸਤਤਾਂ ਤੇਰੇ ਦਰਬਾਰ ਦੀਆਂ।
ਹੋਵਣ ਕਾਗਾਂ ਤੋਂ ਹੰਸ ਇਕ ਪਲ ਦੇ ਵਿਚ,
ਹੋਵਣ ਮਿਹਰਾਂ ਜਦੋਂ ਸੱਚੀ ਸਰਕਾਰ ਦੀਆਂ।
ਡਾਕੂ ਚੋਰ ਬਣਦੇ ਸਾਧੂ ਛਿਨਾਂ ਅੰਦਰ,
ਸੁਣਦੇ ਧੁਨਾਂ ਜਦੋਂ ਸੋਢੀ ਸਰਕਾਰ ਦੀਆਂ।
ਰਖੇ ਪੈਰ ਪ੍ਰਕਰਮਾਂ ਵਿਚ ਜਦੋਂ ਪਾਪੀ,
ਨਿਕਲਣ ਸਿਫਤਾਂ ਮੁਖੋਂ ਨਿਰੰਕਾਰ ਦੀਆਂ।
ਜਪੇ ਸਤਿਨਾਮ ਮਨ ਨੂੰ ਸ਼ਾਂਤਿ ਆਵੇ,
ਭੁਲ ਜਾਂਵਦਾ ਗੱਲਾਂ ਮੱਕਾਰ ਦੀਆਂ।
ਆਇਆ ਪੁਰਬ ਸੋਹਣਾ ਅੰਮ੍ਰਿਤਸਰ ਸੰਦਾ,
ਅਜਬ ਰੌਣਕਾਂ ਤੇਰੇ ਦਰਬਾਰ ਦੀਆਂ।
ਸੁਧਾ-ਸਰ ਆਖੋ, ਜਾਂ ਆਬਿ ਹੱਯਾਤ ਕਹਿ ਲੋ,
ਮਤਲਬ ਦੁਹਾਂ ਦਾ ਇਕੋ ਹੀ ਨਿਕਲਦਾ ਹੈ।
ਹੋਵੇ ਕੰਚਨ ਦੇ ਵਾਂਗ ਸਰੀਰ ਉਸ ਦਾ,
ਆਵੇ ਰੋਗੀ ਕੋਹੜੀ ਰੋਂਦਾ ਵਿਲਕਦਾ ਹੈ।
ਚਰਨ ਆਸਰਾ ਸੱਚੇ ਰਾਮਦਾਸ ਗੁਰ ਦਾ,
ਜਿਸ ਨੇ ਫੜਿਆ ਉਹ ਕਦੇ ਨ ਥਿੜਕਦਾ ਹੈ।
ਗੁਰੂ ਅਰਜਨ ਨੂੰ ਹਰੀ ਦਾ ਰੂਪ ਜਾਣੇ,
ਸੋ ਮਨੁਸ਼ ਨ ਪਾਣੀ ਨੂੰ ਰਿੜਕਦਾ ਹੈ।
ਸੁਧਾ-ਸਰ ਵਿਚ ਨਹਾ ਕੇ ਮੁਕਤਿ ਹੁੰਦੇ,
ਹੋਵਣ ਰਹਿਮਤਾਂ ਜਿਨ੍ਹਾਂ ਦਾਤਾਰ ਦੀਆਂ।
ਬਦ ਨਸੀਬ 'ਹਮਦਰਦ' ਕਦੋਂ ਦਰਸ ਪਾਸੀ,
ਅਜਬ ਰੌਣਕਾਂ ਤੇਰੇ ਦਰਬਾਰ ਦੀਆਂ।

---

**ਨੋਟ:**— ਤਤਕਰਾ ਪਹਿਲੋਂ ਛਪ ਗਿਆ। ਇਥੇ ਥਾਂ ਦੀ ਥੁੜ ਕਰ ਕੇ ਤਤਕਰੇ ਵਾਲਾ ਲੇਖ ਨਹੀਂ ਛਪ ਸਕਿਆ। ਅਗਲੇ ਮਹੀਨੇ ਦਿਤਾ ਜਾਏਗਾ।

---


## ਗੁਰਮਤਿ ਟ੍ਰੈਕਟ ਤੇ ਪੁਸਤਕਾਂ

| | | |
|---|---|---|
| ਕੀ ਮਾਸ ਖਾਣਾ ਗੁਰਮਤਿ ਹੈ ? | ਗਿ: ਊਧਮ ਸਿੰਘ ਜੀ | ੦–੨੦ |
| ਜੀਵਨ ਝਲਕਾਂ ਭਾ: ਸਾ: ਰਣਧੀਰ ਸਿੰਘ ਜੀ | ਗਿ: ਗੁਰਦਿਤ ਸਿੰਘ ਜੀ | ੦–੫੦ |
| ਅਣਪਰਖਿਆ ਹੀਰਾ ” ” | ਪ੍ਰੋ: ਬਲਬੀਰ ਸਿੰਘ ਜੀ ਦਿਲ | ੦–੬੦ |
| ਸੰਖੇਪ ਜੀਵਨ ਭਾ: ਸਾ: ਰਣਧੀਰ ਸਿੰਘ ਜੀ | ਸੂਰਾ ਪਰਵਾਰ | —— |
| ਗੁਰਸਿਖ ਰਹਿਣੀ | ਪ੍ਰੋ: ਅਮਰਜੀਤ ਕੌਰ ਜੀ | —— |
| ਸਿਖ ਧਰਮ ਤੇ ਮਾਸ ਸ਼ਰਾਬ | ਜੇ. ਪੀ. ਸੰਗਤ ਸਿੰਘ ਜੀ | ੩–੦੦ |




www.AKJ.Org

# ਬਹਾਦਰ ਦੀਪ ਕੌਰ

[ਵਲੋਂ :—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ-੩੮]

ਸਿਖ ਇਤਿਹਾਸ ਵਿਚ ਸਿਖ-ਵੀਰਾਂ ਦੇ ਨਾਲ ਹੀ ਸੂਰਬੀਰ ਭੈਣਾਂ ਦਾ ਨਾਂ ਵੀ ਸਦਾ ਚਮਕਦਾ ਰਹੇਗਾ। ਸਿੱਖ ਭੈਣਾਂ ਨੇ ਦੇਸ਼ ਅਤੇ ਧਰਮ ਦੀ ਰਾਖੀ ਲਈ ਜੋ ਕੁਛ ਕੀਤਾ ਅਤੇ ਜਿਵੇਂ ਘਾਲਾਂ ਘਾਲੀਆਂ ਤੇ ਗੁਰਸਿਖੀ ਦੇ ਪੂਰਨੇ ਪਾਏ, ਅਜ ਸਾਰੀ ਕੌਮ ਉਸ ਲਈ ਰਿਣੀ ਹੈ। ਇਤਿਹਾਸ ਦੇ ਪੰਨੇ ਗਵਾਹੀ ਦਿੰਦੇ ਹਨ ਕਿ ਕਿਵੇਂ ਉਹ ਜ਼ੁਲਮ ਦੇ ਵਿਰੁਧ ਜਦੋ-ਜਹਿਦ ਕਰਦੀਆਂ ਰਹੀਆਂ। ਸ਼ਹੀਦੀਆਂ ਦੇਣ ਦੇ ਸਮੇਂ ਕਦੇ ਉਨ੍ਹਾਂ ਕਾਂਪ ਨਹੀਂ ਖਾਧੀ। ਉਨ੍ਹਾਂ ਦਾ ਜੀਵਨ-ਪ੍ਰਯੋਜਨ ਇਹੋ ਹੁੰਦਾ ਸੀ ਕਿ ਜੇ ਜੀਣਾ ਹੈ ਤਾਂ ਇਜ਼ਤ ਤੇ ਅਣਖ ਨਾਲ, ਨਹੀਂ ਤਾਂ ਧਰਮ ਪਾਲਦਿਆਂ ਹੋਇਆਂ ਸਰੀਰ ਲੇਖੇ ਲਾ ਦੇਣੇ ਹਨ। ਜਦੋਂ ਲੋੜ ਪਈ ਤਾਂ ਮੈਦਾਨਿ-ਜੰਗ ਵਿਚ ਸੂਰਬੀਰ ਬੀਬੀਆਂ ਨੇ ਬਹਾਦਰੀ ਦੇ ਐਸੇ ਐਸੇ ਜੌਹਰ ਦਿਖਾਏ, ਜਿਨ੍ਹਾਂ ਨੂੰ ਦੇਖ ਕੇ ਵੈਰੀ ਵੀ ਦੰਗ ਰਹਿ ਜਾਂਦੇ ਸਨ ਅਤੇ ਉਨ੍ਹਾਂ ਦੇ ਮੂੰਹੋਂ ਵੀ ਸੁਭਾਵਕ ਨਿਕਲ ਜਾਂਦਾ ਸੀ ਕਿ ਜਿਸ ਕੌਮ ਦੀਆਂ ਇਸਤ੍ਰੀਆਂ ਇਤਨੀਆਂ ਬਹਾਦਰ ਅਤੇ ਦਲੇਰ ਹੋਣ, ਉਸ ਕੌਮ ਦਾ ਕੋਈ ਕੀ ਵਿਗਾੜ ਸ਼ਕਦਾ ਹੈ।

ਸਿਖ ਇਤਿਹਾਸ ਵਿਚ ਸੂਰਬੀਰਤਾ ਦੇ ਕਾਰਨਾਮਿਆਂ ਕਰਕੇ, ਜਿਥੇ ਮਾਈ ਭਾਗ ਕੌਰ, ਬੀਬੀ ਧਰਮ ਕੌਰ, ਸਰਦਾਰਨੀ ਸਦਾ ਕੌਰ ਅਤੇ ਰਾਣੀ ਸਾਹਿਬ ਕੌਰ ਪਟਿਆਲਾ ਆਦਿ ਸਿੰਘਣੀਆਂ ਦੇ ਨਾਂ ਸਤਿਕਾਰ ਨਾਲ ਲਏ ਜਾਂਦੇ ਹਨ, ਉਥੇ ਬੀਬੀ ਦੀਪ ਕੌਰ ਨੂੰ ਵੀ ਬੜੇ ਮਾਣ ਨਾਲ ਯਾਦ ਕੀਤਾ ਜਾਦਾ ਹੈ।

ਬੀਬੀ ਦੀਪ ਕੌਰ, ਮਾਝੇ ਦੇ ਇਕ ਪਿੰਡ 'ਤਲਬਨ' ਦੀ ਰਹਿਣ ਵਾਲੀ ਸੀ। ਇਹ ਪਿੰਡ ਅਨੰਦਪੁਰ ਸਾਹਿਬ ਨੂੰ ਜਾਣ ਵਾਲੀ ਸੜਕ ਤੋਂ ਹਟਵਾਂ ਕੋਈ ਤਿੰਨ ਕੁ ਮੀਲ ਦੇ ਫ਼ਾਸਲੇ ਤੇ ਹੈ। ਉਸ ਪਿੰਡ ਵਿਚ ਇਕੋ ਘਰ ਸਿੱਖਾਂ ਦਾ ਸੀ। ਤੇ ਉਹ ਘਰ ਸੀ ਬੀਬੀ ਦੀਪ ਕੌਰ ਦਾ। ਬਾਕੀ ਸਾਰੀ ਵਸੋਂ ਹਿੰਦੂਆਂ ਤੇ ਮੁਸਲਮਾਨਾਂ ਦੀ ਸੀ।

ਬੀਬੀ ਦੀਪ ਕੌਰ ਦੇ ਸੱਸ ਸਹੁਰਾ ਚਲਾਣਾ ਕਰ ਚੁਕੇ ਸਨ। ਬੀਬੀ ਨੇ ਆਪਣੇ ਪਤੀ ਜੀ ਦੇ ਨਾਲ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਹੋਇਆ ਸੀ ਅਤੇ 'ਹੁਕਮਿ ਰਜਾਈ ਚਲਣਾ' ਅਨੁਸਾਰ ਆਪਣਾ ਜੀਵਨ ਬਿਤਾਂਦੀ ਸੀ।

ਬੀਬੀ ਦੀਪ ਕੌਰ ਪਤੀ ਜੀ ਦੀ ਸੇਵਾ ਵਿਚ ਸਦਾ ਤੱਤਪਰ ਰਹਿੰਦੀ ਅਤੇ ਹਮੇਸ਼ਾ ਗੁਰਬਾਣੀ ਦੀਆ ਇਹ ਤੁਕਾਂ ਉਸ ਦੀਆਂ ਅੱਖਾਂ ਸਾਹਮਣੇ ਰਹਿੰਦੀਆਂ ਸਨ :—

ਭਰਤਾ ਕਹੈ ਸੁ ਮਾਨੀਐ,
ਏਹੁ ਸੀਗਾਰੁ ਬਣਾਇ ਰੀ ॥
ਦੂਜਾ ਭਾਉ ਵਿਸਾਰੀਐ,
ਏਹੁ ਤੰਬੋਲਾ ਖਾਇ ਰੀ ॥ ੨ ॥
[ਆਸਾ ਮ: ੫, ਪੰਨਾ ੪੦੦

ਬੀਬੀ ਜੀ ਨੂੰ ਇਹ ਦ੍ਰਿੜ੍ਹ ਵਿਸ਼ਵਾਸ ਸੀ ਕਿ ਇਸਤ੍ਰੀ ਦਾ ਮਾਣ ਪਤੀ ਨਾਲ ਹੈ। ਪਤੀ ਹੀ ਉਸ ਦਾ ਪ੍ਰਮੇਸ਼ਰ ਹੈ। ਪਤੀ ਹੀ ਉਸ ਦਾ ਪੂਜਣ ਯੋਗ ਹੈ। ਫਿਰ ਜੋ ਇਸਤ੍ਰੀ ਆਪਣੇ ਪਤੀਬ੍ਰਤ ਧਰਮ ਦੀ ਪੂਰੀ ਤਰ੍ਹਾਂ ਪਾਲਣਾ ਕਰਦੀ ਹੈ, ਉਹ ਸੁਪਨੇ ਵਿਚ ਵੀ ਕਿਸੇ ਗ਼ੈਰ-ਮਰਦ ਦਾ ਖ਼ਿਆਲ ਨਹੀਂ ਲਿਆ ਸਕਦੀ। ਅਜਿਹੀ ਇਸਤ੍ਰੀ ਦਾ ਹੀ ਇਸ ਜਗ ਤੇ ਆਉਣਾ ਸਫਲ ਹੈ ਅਤੇ ਉਹ ਵਾਹਿਗੁਰੂ ਦੇ ਦਰਬਾਰ ਵੀ ਸੁਰਖ਼ਰੂ ਹੋ ਕੇ ਜਾਂਦੀ ਹੈ।

ਇਕ ਵਾਰੀ ਦੀ ਗੱਲ ਹੈ ਕਿ ਮਾਝੇ ਦੀ ਸੰਗਤ ਅਨੰਦਪੁਰ ਸਾਹਿਬ ਜਾਣ ਵਾਸਤੇ ਤਿਆਰ ਹੋਈ। ਖ਼ਿਆਲ ਇਹ ਸੀ ਕਿ ਚਲ ਕੇ ਗੁਰੂ ਕਲਗੀਧਰ ਪਿਤਾ ਜੀ ਦੇ ਦਰਸ਼ਨ ਕਰੀਏ ਅਤੇ ਆਤਮਕ ਲਾਭ ਉਠਾਈਏ। ਜੇ ਲੋੜ ਪਏ ਤਾਂ ਗੁਰੂ ਜੀ ਦੇ ਧਰਮ-ਯੁਧਾਂ ਵਿਚ ਵੀ ਹਿੱਸਾ ਲਈਏ।



www.AKJ.Org

ਇਹ ਸੰਗਤ ਕਈ ਪਿੰਡਾਂ ਵਿਚ ਗੁਰਬਾਣੀ ਦੇ ਰੰਗ ਮਾਣਦੀ ਹੋਈ ਆ ਰਹੀ ਸੀ । ਪਿੰਡ ਤਲਬਨ ਵਾਲਿਆਂ ਨੂੰ ਵੀ ਪਤਾ ਲਗਾ ਕਿ ਸੰਗਤ ਆ ਰਹੀ ਹੈ ਅਤੇ ਪਿੰਡ ਦੇ ਕੋਲੋਂ ਦੀ ਲੰਘੇਗੀ, ਪਰ ਲੋਕੀ ਉਸ ਸਮੇਂ ਦੇ ਹਾਕਮ ਦੇ ਕੋਲੋਂ ਬਹੁਤ ਡਰੇ ਤੇ ਸਹਿਮੇ ਹੋਏ ਸਨ ਅਤੇ ਸੰਗਤ ਦਾ ਸਵਾਗਤ ਕਰਨ ਲਈ ਹਿੰਮਤ ਨਾ ਕਰ ਸਕੇ । ਸਭ ਪਿੰਡ ਵਾਲਿਆਂ ਨੂੰ ਤਾੜਨਾ ਕੀਤੀ ਗਈ ਹੋਈ ਸੀ ਕਿ ਕੋਈ ਵੀ ਸਿੱਖਾਂ ਦੀ ਜ਼ਰਾ ਜਿੰਨੀ ਮਦਦ ਨਾ ਕਰੇ । ਹੁਣ ਪਿੰਡ ਵਿਚ ਇਕੋ ਪਵਿੱਤਰ ਆਤਮਾ ਬੀਬੀ ਦੀਪ ਕੌਰ ਹੀ ਸੀ, ਜਿਸ ਨੂੰ ਸੰਗਤ ਦੀ ਆਮਦ ਤੇ ਬੜੀਆਂ ਖੁਸ਼ੀਆਂ ਹੋਈਆਂ । ਜੀਵਨ ਦਾ ਸੱਚਾ ਲਾਹਾ ਖਟਣ ਦਾ ਇਹੋ ਤਾਂ ਸਮਾਂ ਸੀ । ਉਹ ਸੇਵਾ ਦੇ ਚਾਹ ਨਾਲ ਘਰੋਂ ਚਲ ਪਈ । ਪਤੀ ਉਸ ਦਾ ਧਰਮ ਯੁਧ ਲਈ ਗਿਆ ਹੋਇਆ ਸੀ ।

ਸਰਦਾਰ ਕਰਮ ਸਿੰਘ ਜ਼ਖ਼ਮੀ ਲਿਖਦਾ ਹੈ ਕਿ ਪਤੀ, ਉਸ ਦਾ ਪਹਿਲਾਂ ਹੀ ਗੁਰੂ ਮਹਾਰਾਜ ਜੀ ਦੇ ਧਰਮ-ਯੁਧਾਂ ਵਿਚ ਸ਼ਾਮਲ ਹੋਣ ਲਈ ਅਨੰਦਪੁਰ ਸਾਹਿਬ ਜਾ ਚੁਕਾ ਸੀ ।

[ਆਦਰਸ਼ਕ ਸਿੰਘਣੀਆਂ, ਪੰਨਾ ੭੩

ਠਾਕਰ ਦੇਸ ਰਾਜ ਜੀ ਲਿਖਦੇ ਹਨ ਕਿ ਬੀਬੀ ਦੀਪ ਕੌਰ ਕੀ ਇੱਛਾ ਥੀ ਕਿ ਕੋਈ ਸੰਗਤ ਇਸ ਗਾਂਵ ਸੇਂ ਭੀ ਆਏ ਔਰ ਯਹਾਂ ਕੇ ਲੋਗੋਂ ਕੋ ਗੁਰਮਤਿ ਕੀ ਸ਼ਿਕਸ਼ਾ ਦੇ ਕਰ ਉਨ ਕੇ ਹਿਰਦੋਂ ਮੇਂ ਪ੍ਰਕਾਸ਼ ਕਰੇ ।

[ਸਿੱਖ ਇਤਿਹਾਸ, 'ਹਿੰਦੀ', ਪੰਨਾ ਪ੩੩

ਸੰਗਤਾਂ ਦੀ ਉਡੀਕ ਵਿਚ ਬੀਬੀ ਦੀਪ ਕੌਰ ਉਸ ਸੜਕ ਤੇ ਆ ਬੈਠੀ, ਜਿਥੋਂ ਦੀ ਸੰਗਤ ਨੇ ਲੰਘਣਾ ਸੀ । ਭਾਣਾ ਕਰਤਾਰ ਦਾ ਅਜਿਹਾ ਵਰਤਿਆ ਕਿ ਉਥੇ ਸੰਗਤ ਦੀ ਬਜਾਏ ਇਕ ਫੌਜੀ ਦਸਤਾ ਆ ਗਿਆ । ਬੀਬੀ ਦੀਪ ਕੌਰ ਨੇ ਜਦੋਂ ਫੌਜੀ ਦਸਤੇ ਨੂੰ ਦੇਖਿਆ ਤਾਂ ਉਹ ਸੜਕ ਤੋਂ ਹਟ ਕੇ ਇਕ ਪਾਸੇ ਪੈਲੀਆਂ ਵਿਚ ਹੋ ਗਈ । ਕੁਦਰਤੀ ਫੌਜੀ ਦਸਤੇ ਦੀ ਨਜ਼ਰ ਬੀਬੀ ਦੀਪ ਕੌਰ ਤੇ ਪੈ ਗਈ । ਬਸ ! ਫਿਰ ਕੀ ਸੀ ? ਅਫ਼ਸਰ ਨੇ ਆਪਣੇ ਜਵਾਨਾਂ ਨੂੰ ਸੜਕ ਤੇ ਹੀ ਰਹਿਣ ਦਾ ਇਸ਼ਾਰਾ ਕੀਤਾ ਅਤੇ ਆਪ ਦੀਪ ਕੌਰ ਵਲ ਵਧਿਆ ।

ਬੀਬੀ ਦੀਪ ਕੌਰ ਦੀ ਆਯੂ ਉਸ ਸਮੇਂ ਕੋਈ ਵੀਹ ਇੱਕੀ ਵਰ੍ਹਿਆਂ ਦੀ ਹੋਵੇਗੀ । ਉਸ ਦੇ ਚਿਹਰੇ ਤੇ ਸੁੰਦਰਤਾ ਭਖਦੀ ਸੀ । ਵਾਹਿਗੁਰੂ ਦੀ ਭਗਤੀ ਕਾਰਨ ਉਸ ਦੇ ਚਿਹਰੇ ਤੇ ਐਸਾ ਜਲਾਲ ਸੀ, ਜਿਸ ਦੀ ਤਾਬ ਨਹੀਂ ਸੀ ਝਲੀ ਜਾਂਦੀ ।

ਫ਼ੌਜੀ ਅਫ਼ਸਰ ਦੀ ਨਜ਼ਰ ਜਿਉਂ ਹੀ ਬੀਬੀ ਦੀਪ ਕੌਰ ਤੇ ਪਈ ਤਾਂ ਉਸ ਦਾ ਮਨ ਚਲਾਇਮਾਨ ਹੋ ਗਿਆ । ਅੱਖਾਂ ਵਿਚ ਵਾਸ਼ਨਾ ਦੀ ਭਾਵਨਾ ਜਾਗ ਪਈ । ਅਤੇ ਪੁਛਣ ਲਗਾ :–

'ਸੁੰਦਰੀ ! ਤੂੰ ਕੌਣ ਏਂ ਅਤੇ ਇਥੇ ਕਿਉਂ ਬੈਠੀ ਏਂ ?'

ਬੀਬੀ ਦੀਪ ਕੌਰ–ਮੈਂ ਸਿੰਘਣੀ ਹਾਂ । 'ਤਲਬਨ' ਮੇਰਾ ਪਿੰਡ ਹੈ । ਇਥੇ ਅਨੰਦਪੁਰ ਸਾਹਿਬ ਨੂੰ ਜਾਣ ਵਾਲੀ ਸੰਗਤ ਦੀ ਉਡੀਕ ਕਰ ਰਹੀ ਹਾਂ ।

ਫ਼ੌਜੀ ਅਫ਼ਸਰ–ਤੈਨੂੰ ਪਤਾ ਨਹੀਂ ਹੈ ਕਿ ਸਿੱਖ ਹਕੂਮਤ ਦੇ ਬਾਗੀ ਹਨ । ਇਸ ਲਈ ਤੈਨੂੰ ਵੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ । ਮੈਨੂੰ ਤੇਰੇ ਹੁਸਨ ਤੇ ਤਰਸ ਆਉਂਦਾ ਹੈ । ਮੈਂ ਤੈਨੂੰ ਗ੍ਰਿਫ਼ਤਾਰ ਕਰਨਾ ਨਹੀਂ ਚਾਹੁੰਦਾ । ਇਸ ਲਈ ਮੇਰਾ ਆਖਾ ਮੰਨ ਅਤੇ ਮੇਰੇ ਨਾਲ ਚਲ । ਮੈਂ ਤੈਨੂੰ ਆਪਣੀ ਬੇਗਮ ਬਣਾਵਾਂਗਾ । ਇਨ੍ਹਾਂ ਸਿੱਖਾਂ ਕੋਲੋਂ ਤੂੰ ਕੀ ਲੈਣਾ ਹੈ ?

ਇਹ ਸੁਣਨਾ ਸੀ ਕਿ ਬੀਬੀ ਦੀਪ ਕੌਰ ਨੂੰ ਕਹਿਰ ਦਾ ਜੋਸ਼ ਆਇਆ । ਇਕ ਗ਼ੈਰ-ਮਰਦ ਦੀ ਇਹ ਮਜਾਲ ਕਿ ਗੁਰੂ ਦਸਮੇਸ਼ ਪਿਤਾ ਜੀ ਦੀ ਬੀਰ ਸਪੁਤ੍ਰੀ ਨੂੰ ਇਹੋ ਜਿਹੇ ਬੇਹੂਦਾ ਲਫ਼ਜ਼ ਵਰਤੇ ! ਫ਼ੌਰਨ ਆਪਣੀ ਤਲਵਾਰ ਮਿਆਨ ਵਿਚੋਂ ਖਿਚ ਲਈ ਅਤੇ ਇਹ ਕਹਿੰਦੇ ਹੋਏ ਫ਼ੌਜੀ ਅਫ਼ਸਰ ਤੇ ਹਮਲਾ ਕਰ ਦਿੱਤਾ–"ਪਾਪੀ ! ਤੂੰ ਜਾਣਦਾ ਨਹੀਂ, ਕਿਸ ਨਾਲ ਬਕਵਾਸ ਕੀਤੀ ਹੈ ? ਮੈਂ ਪਤੀਬ੍ਰਤਾ ਇਸਤ੍ਰੀ ਹਾਂ ।" ਇਹ ਕਹਿੰਦਿਆਂ ਉਸ ਤੇ ਟੁਟ ਪਈ, ਜੋਸ਼ ਨਾਲ ਭਰਪੂਰ, ਸੂਰਬੀਰ ਬੱਚੀ ਦੇ ਦੋ ਚਾਰ ਭਰਪੂਰ



www.AKJ.Org

ਵਾਰਾਂ ਨਾਲ ਹੀ ਫ਼ੌਜੀ ਅਫ਼ਸਰ ਦਾ ਸਿਰ ਕਲਮ ਹੋ ਕੇ ਧਰਤੀ ਤੇ ਜਾ ਡਿਗਾ। ਇਹ ਦੇਖ ਕੇ ਉਸ ਦੇ ਸਾਥੀ ਜਵਾਨ,ਜੋ ਸੜਕ ਤੇ ਖਲੋਤੇ ਸਨ, ਨਸੇ ਆਏ। ਇਹ ਗਿਣਤੀ ਵਿਚ ਕੁਲ ਅਠ ਨੌਂ ਸਨ। ਉਹ ਸਾਰੇ ਬੀਬੀ ਦੀਪ ਕੌਰ ਤੇ ਟੁਟ ਕੇ ਪੈ ਗਏ। ਜੰਮ ਕੇ ਲੜਾਈ ਹੋਈ। ਚਾਹੇ ਬੀਬੀ ਦੀਪ ਕੌਰ ਜ਼ਖ਼ਮਾਂ ਨਾਲ ਨਿਢਾਲ ਹੋ ਗਈ, ਪਰ ਉਸ ਨੇ ਹੌਸਲਾ ਨਾ ਛਡਿਆ। ਆਪਣੇ ਹੋਸ਼ ਕਾਇਮ ਰਹਿਣ ਤਕ ਉਹ ਲੜਦੀ ਗਈ। ਅੱਧਿਆਂ ਨਾਲੋਂ ਬਹੁਤੇ ਵੈਰੀ ਉਸ ਪਾਰ ਬੁਲਾਏ। ਬਾਕੀ ਜਿਧਰ ਕਿਸੇ ਦਾ ਮੂੰਹ ਆਇਆ, ਭਜ ਗਿਆ। ਹੁਣ ਬੀਬੀ ਦੀਪ ਕੌਰ ਵੀ ਧਰਤੀ ਤੇ ਡਿਗ ਪਈ ਅਤੇ ਡਿਗਦੇ ਸਾਰ ਹੀ ਬੇਹੋਸ਼ ਹੋ ਗਈ।

ਅਜੇ ਇਹ ਲੜਾਈ ਮੁਕੀ ਹੀ ਸੀ ਕਿ ਸੰਗਤ ਵੀ ਉਥੇ ਪਹੁੰਚ ਗਈ। ਉਨ੍ਹਾਂ ਦੇਖਿਆ ਕਿ ਕੋਈ ਭਾਣਾ ਵਰਤ ਗਿਆ ਹੈ। ਬੀਬੀ ਦੀਪ ਕੌਰ ਦੇ ਸਿਰ ਤੇ ਦਸਤਾਰ ਸਜੀ ਹੋਈ ਸੀ, ਜਿਸ ਤੋਂ ਪਤਾ ਲਗ ਗਿਆ ਕਿ ਇਹ ਤਾਂ ਕੋਈ ਸਿੱਖ ਬੱਚੀ ਹੈ। ਫਿਰ ਮੁਸਲਮਾਨਾਂ ਦੀਆਂ ਲਾਸ਼ਾਂ ਨੂੰ ਦੇਖਿਆ, ਜੋ ਕਟੇ ਵਢੇ ਪਏ ਸਨ।

ਬੀਬੀ ਦੀਪ ਕੌਰ ਦੀ ਬਹਾਦਰੀ ਦੇਖ ਕੇ ਉਸ ਸਮੇਂ ਸੰਗਤ ਵਿਚ ਜਿਤਨੇ ਮਰਦ ਅਤੇ ਇਸਤ੍ਰੀਆਂ ਸਨ, ਸਭ ਦੇ ਮੂੰਹੋਂ 'ਵਾਹ ਵਾਹ' ਨਿਕਲ ਰਿਹਾ ਸੀ ਕਿ ਅੱਜ ਇਸ ਸ਼ੇਰ ਬੱਚੀ ਨੇ ਖ਼ਾਲਸਈ ਸ਼ਾਨ ਰਖ ਵਿਖਾਈ ਹੈ।

ਹੁਣ ਬੀਬੀ ਦੀਪ ਕੌਰ ਨੂੰ ਬਚਾਉਣ ਦੀ ਕੋਸ਼ਸ਼ ਕੀਤੀ ਜਾਣ ਲਗੀ। ਬੀਬੀ ਦੀਪ ਕੌਰ ਜਿਸ ਤਲਵਾਰ ਨਾਲ ਲੜਦੀ ਰਹੀ ਸੀ, ਉਹ ਤਲਵਾਰ ਅਜੇ ਤਕ ਉਸ ਦੇ ਹੱਥ ਵਿਚ ਜੰਮੀ ਹੋਈ ਸੀ, ਜੋ ਬੜੀ ਮੁਸ਼ਕਿਲ ਨਾਲ ਉਸ ਦੀ ਮੁੱਠ ਖੋਲ੍ਹ ਕੇ ਕਢੀ ਗਈ। ਹੁਣ ਕੁਝ ਉਸ ਨੂੰ ਹੋਸ਼ ਵੀ ਆ ਗਈ ਸੀ। ਸੰਗਤ ਉਸ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਨੂੰ ਰਵਾਨਾ ਹੋ ਗਈ।

ਦਿਲਾਂ ਦੀਆਂ ਜਾਨਣ ਵਾਲੇ ਗੁਰੂ ਕਲਗੀਧਰ ਪਿਤਾ ਜੀ ਪਹਿਲਾਂ ਹੀ ਅਨੰਦਪੁਰ ਸਾਹਿਬ ਵਿਚ ਬੈਠੇ ਮਾਝੇ ਦੀ ਸੰਗਤ ਨੂੰ ਉਡੀਕ ਰਹੇ ਸਨ। ਜਦੋਂ ਸੰਗਤ ਨੂੰ ਦੂਰੋਂ ਆਉਂਦਾ ਦੇਖਿਆ ਤਾਂ ਗਦ ਗਦ ਹੋ ਅਗੇ ਵਧੇ ਅਤੇ ਬੋਲੇ—"ਮੇਰੀ ਪੁੱਤਰੀ ਕਿਥੇ ਹੈ ?"

ਸੰਗਤ ਇਸ ਦਾ ਮਤਲਬ ਨਾ ਸਮਝ ਸਕੀ। ਸੰਗਤ ਵਿਚ ਹੋਰ ਵੀ ਬਹੁਤ ਸਾਰੀਆਂ ਸਿੰਘਣੀਆਂ ਸਨ। ਪਤਾ ਨਹੀਂ,ਗੁਰੂ ਸਾਹਿਬ ਨੇ ਕਿਸ ਨੂੰ 'ਪੁੱਤਰੀ' ਕਹਿ ਕੇ ਨਿਵਾਜਿਆ ਹੈ।

ਹੁਣ ਗੁਰੂ ਸਾਹਿਬ ਖ਼ੁਦ ਉਸ ਪਾਲਕੀ ਕੋਲ ਚਲੇ ਗਏ, ਜਿਸ ਵਿਚ ਬੀਬੀ ਦੀਪ ਕੌਰ ਫੱਟਾਂ ਨਾਲ ਨਿਢਾਲ ਪਈ ਸੀ। ਆਪ ਨੇ ਬੀਬੀ ਦੀਪ ਕੌਰ ਦੇ ਫੱਟ ਦੇਖੇ। ਆਪਣੇ ਹੱਥੀਂ ਉਸ ਦੀ ਮਲ੍ਹਮ ਪਟੀ ਕੀਤੀ। ਉਸ ਦੇ ਸਿਰ ਤੇ ਪਿਆਰ ਭਰਿਆ ਹੱਥ ਰਖਿਆ। ਫਿਰ ਮਿਹਰਾਂ ਦੇ ਘਰ ਆ ਕੇ ਆਪ ਨੇ ਫ਼ੁਰਮਾਇਆ—'ਪੁੱਤਰੀ ! ਤੂੰ ਧੰਨ ਹੈਂ, ਤੇਰੇ ਜਿਹੀਆਂ ਇਸਤ੍ਰੀਆਂ ਦੇ ਸਹਾਰੇ ਮੇਰਾ ਪੰਥ ਵਧੇ ਫੂਲੇਗਾ। ਜਿਥੇ ਤੂੰ ਆਪਣੇ ਪਤੀਬ੍ਰਤ ਧਰਮ ਦੀ ਪਾਲਣਾ ਕੀਤੀ ਹੈ, ਉਥੇ ਸਿੱਖੀ ਦੀ ਲਾਜ ਰਖ ਵਿਖਾਈ ਹੈ।'

ਫਿਰ ਬੀਬੀ ਦੀਪ ਕੌਰ ਨੂੰ ਹੁਕਮ ਹੋਇਆ— 'ਪੁਤਰੀ ! ਦੀਵਾਨ ਵਿਚ ਹਾਜ਼ਰ ਹੋ ਕੇ ਆਪਣੀ ਦੁਖ ਭਰੀ ਵਿਥਿਆ ਸੰਗਤ ਨੂੰ ਸੁਣਾਓ।'

ਜਦੋਂ ਬੀਬੀ ਦੀਪ ਕੌਰ ਨੇ ਆਪਣੀ ਬੀਤੀ ਵਾਰਤਾ ਸੁਣਾਈ ਤਾਂ ਦੀਵਾਨ ਵਿਚ ਜਿਤਨੀ ਸੰਗਤ ਬੈਠੀ ਸੀ, ਸਭ ਦੇ ਲੂੰ-ਕੰਡੇ ਖੜੇ ਹੋ ਗਏ। ਧੰਨ ਗੁਰੂ ਕਲਗੀਧਰ ਪਾਤਸ਼ਾਹ, ਜਿਸ ਨੇ ਇਸਤ੍ਰੀਆਂ ਵਿਚ ਵੀ ਅਜਿਹੀ ਅੰਮ੍ਰਿਤ-ਸ਼ਕਤੀ ਭਰ ਦਿਤੀ,ਜੁ ਉਹ ਮੌਤ ਨਾਲ ਖੇਲਣ ਤੋਂ ਵੀ ਜ਼ਰਾ ਸੰਕੋਚ ਨਹੀਂ ਕਰਦੀਆਂ।

# ਦਸੂਹਾ (ਹੁਸ਼ਿਆਰਪੁਰ) ਵਿਖੇ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਪ੍ਰੀਤਮ ਸਿੰਘ ਜੀ ਦਸਮੇਸ਼ ਇੰਜੀਨੀਰਿੰਗ ਵਰਕਸ ਦਸੂਹਾ ਦੇ ਗ੍ਰਹਿ ਵਿਖੇ ਸ਼ਨੀਵਾਰ ੮ ਅਕਤੂਬਰ ਨੂੰ ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਦੇ ਭੋਗ ਪੈ ਕੇ ੧੧ ਵਜੇ ਤਕ ਅਖੰਡ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਦੀਆਂ ਗੂੰਜਾਂ ਗੂੰਜਣਗੀਆਂ। ਸਮੂਹ ਮਾਈ ਭਾਈ ਹਾਜ਼ਰੀਆਂ ਭਰ ਕੇ ਰਸ ਭੁੰਚੋ ਜੀ। 'ਦਸੂਹਾ' ਜਲੰਧਰ-ਪਠਾਨਕੋਟ ਰੋਡ ਦੇ ਅਧ ਵਿਚਕਾਰ ਹੈ।



www.AKJ.org

[ ੨੯ ਸਫ਼ੇ ਦੀ ਬਾਕੀ ]

ਇਸ ਪਖੋਂ ਬਹੁਤ ਸੁਧਾਰ ਹੋ ਸਕਦਾ ਹੈ।

(ਕ) ਮੰਦਰਾਂ ਵਿਚ ਅਵਤਾਰਾਂ ਦੀਆਂ ਮੂਰਤੀਆਂ ਰੱਖੀਆਂ ਜਾਂਦੀਆਂ ਹਨ, ਕਿਉਂਕਿ ਉਹਨਾਂ ਨੂੰ ਅਸਲ ਪ੍ਰਾਪਤ ਨਹੀਂ। ਪਰ ਅਸਲ ਤੇ ਪਰਤੱਖ ਸਤਿਗੁਰੂ [ਸ੍ਰੀ ਗੁਰੂ ਗ੍ਰੰਥ ਸਾਹਿਬ] ਦੇ ਹੁੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਗੁਰੂ-ਮੂਰਤੀ ਦਾ ਲਾਇਆ ਜਾਣਾ ਇਸ ਕੇਂਦਰੀ ਅਸਥਾਨ ਤੇ ਬੁਨਿਆਦੀ ਸਿਧਾਂਤ ਦੀ ਘੋਰ ਉਲੰਘਣਾ ਹੈ। ਇਸ ਮੂਰਤੀ ਨੂੰ ਏਥੋਂ ਲਾਹੇਂ ਜਾਣ ਦੀ ਲੋੜ ਹੈ।

(ਖ) ਸ਼ਹੀਦ ਬੁੰਗੇ ਦੀ ਬਾਹੀ ਵਾਲੇ ਘੰਟਾ ਘਰ ਦੇ ਨਾਲ ਸਿਖ ਰੈਫ਼ਰੈਂਸ ਲਾਇਬਰੇਰੀ ਦੇ ਸਾਹਮਣੇ ਤੋੜ ਵਿਚ ਅਤੇ ਅਠਸਠ ਤੀਰਥ ਨਾਲ ਬਣੇ ਥੜੇ ਉਤੇ ਲੋਕੀ ਕਬੂਤਰਾਂ ਆਦਿ ਪੰਛੀਆਂ ਵਾਸਤੇ ਦਾਣਾ ਖਿਲਾਰਦੇ ਹਨ, ਜਿਸ ਕਾਰਨ ਕਬੂਤਰਾਂ ਦੀ ਇਕ ਵੱਡੀ ਬਟੈਲੀਅਨ ਏਥੇ ਹਰ ਵੇਲੇ ਜਮ੍ਹਾ ਰਹਿੰਦੀ ਹੈ। ਇਹ ਪੰਛੀ ਅੰਦਰਲੀ ਅਤੇ ਬਾਹਰਲੀ ਪਰਕਰਮਾਂ ਵਿਚ ਵਿੱਠਾਂ ਕਰ ਕਰ ਕੇ ਇਸ ਪਵਿੱਤਰ ਅਸਥਾਨ ਦੀ ਪਵਿੱਤਰਤਾ ਅਤੇ ਸਵੱਛਤਾ ਨੂੰ ਭੰਗ ਕਰਦੇ ਹਨ। ਪ੍ਰਬੰਧਕਾਂ ਵਲੋਂ ਲੋਕਾਂ ਨੂੰ ਅਜਿਹਾ ਕਰਨ ਤੋਂ ਰੋਕਣ ਜਾਂ ਸੁਸਿਖਿਅਤ ਕਰਨ ਦਾ ਪ੍ਰਬੰਧ ਕੀਤੇ ਜਾਣ ਦੀ ਲੋੜ ਹੈ।

(ਗ) ਕਈ ਵਾਰੀ ਲਾਡਲੀਆਂ ਫ਼ੌਜਾਂ ਨੂੰ ਪਰਕਰਮਾਂ ਅੰਦਰ ਸੁਖ-ਨਿਧਾਨ ਦਾ ਰਗੜਾ ਲਾਂਦਿਆਂ ਵੀ ਵੇਖਿਆ ਗਿਆ ਹੈ। ਸੇਵਾਦਾਰ ਬੇਬਸ ਹੋਏ ਇਸ ਦ੍ਰਿਸ਼ ਨੂੰ ਦੇਖ ਕੇ ਅਣ-ਡਿੱਠ ਕਰ ਛਡਦੇ ਹਨ। ਸ਼ਾਇਦ ਇਸ ਲਈ ਕਿ ਇਕ ਤਾਂ ਉਹ ਇਹਨਾਂ ਫ਼ੌਜਾਂ ਤੋਂ ਡਰਦੇ ਹਨ ਅਤੇ ਦੂਜੇ ਉਹ ਇਹ ਵੀ ਸੋਚਦੇ ਹਨ ਕਿ ਜੇ ਇਹਨਾਂ ਨਾਲ ਮੱਥਾ ਲਾਇਆ ਵੀ ਤਾਂ ਮੁਖੀ ਪ੍ਰਬੰਧਕਾਂ ਵਲੋਂ ਮਦਦ ਮਿਲਣ ਦੀ ਕੋਈ ਆਸ ਨਹੀਂ। ਫਿਰ ਇਸ ਕੁਰੀਤ ਨੂੰ ਠਲ੍ਹ ਪਾਣ ਦੀ ਆਸ ਕਿਸ ਪਾਸੋਂ ਕੀਤੀ ਜਾਵੇ?

ਆਸ ਕੀਤੀ ਜਾਂਦੀ ਹੈ ਕਿ ਬਾਕੀ ਕੰਮਾਂ ਵਿਚੋਂ ਥੋੜੀ ਜਿਹੀ ਵੇਹਲ ਕਢ ਕੇ ਸੰਗਤਾਂ ਦੀਆਂ ਗੁਰਮਤਿ-ਆਸ਼ੇ ਤੇ ਅਧਾਰਤ ਇਨ੍ਹਾਂ ਮੰਗਾਂ ਨੂੰ ਸੋਚਣ, ਵਿਚਾਰਨ ਅਤੇ ਅਮਲ ਵਿਚ ਲਿਆਉਣ ਦਾ ਉਪਰਾਲਾ ਕੀਤਾ ਜਾਵੇਗਾ।

---

## ਦਿਆਲਪੁਰ ਵਿਖੇ ਕੀਰਤਨ ਪ੍ਰੋਗਰਾਮ

੨੨ ਅਕਤੂਬਰ ਸ਼ਨੀਵਾਰ ਸਵੇਰੇ ੩ ਤੋਂ ੫ ਆਸਾ ਦੀ ਵਾਰ, ਉਪਰੰਤ ਸ੍ਰੀ ਅਖੰਡਪਾਠ ਅਰੰਭ ਗੁ: ਪਿਡਿਆਂਵਾਲਾ

੪ ਨਵੰਬਰ ਸ਼ੁਕਰਵਾਰ ਰਾਤ ੮ ਤੋਂ ੧੦ ਕੀਰਤਨ ਸ: ਆਤਮਾ ਸਿੰਘ ਦੇ ਗ੍ਰਹਿ ਵਿਖੇ

੫ ਨਵੰਬਰ ਸਵੇਰੇ ਭੋਗ ਸ੍ਰੀ ਅਖੰਡਪਾਠ, ਉਪਰੰਤ ੨ ਵਜੇ ਤਕ ਕੀਰਤਨ, ਅੰਮ੍ਰਿਤ ਸਿੰਚਾਰ ਅਤੇ ਰਾਤ ਨੂੰ ਰੈਣ ਸਬਾਈ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜੱਥੇ ਇਲਾਕਾ ਕਰਤਾਰਪੁਰ ਤੇ ਦਿਆਲਪੁਰ

---

## ਰਾਮਪੁਰ (ਲੁਧਿਆਣਾ) ਵਿਖੇ ਰੈਣ-ਸਬਾਈ ਕੀਰਤਨ

ਮਾਸਟਰ ਸਤਵਤ ਸਿੰਘ ਜੀ ਦੇ ਗ੍ਰਹਿ ਪੱਕਾ ਦਰ ਰਾਮਪੁਰ (ਨੇੜੇ ਦੋਰਾਹਾ) ਵਿਖੇ ਸ਼ਨੀਵਾਰ ੮ ਅਕਤੂਬਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਸੰਗਤਾਂ ਪੁਜ ਕੇ ਲਾਹੇ ਪ੍ਰਾਪਤ ਕਰਨ। ਦੋਰਾਹਾ ਸਟੇਸ਼ਨ ਤੋਂ ਰਾਮਪੁਰ ਸਵਾ ਮੀਲ ਹੈ। ਲੁਧਿਆਣੇ ਤੋਂ ਲੋਕਲ ਬੱਸ ਆਮ ਮਿਲਦੀ ਹੈ।

ਪੁਛ ਗਿਛ—ਮਾ: ਉਜਾਗਰ ਸਿੰਘ ਫਰਵਾਲੀ, ਡਾ: ਲੋਹਟ ਬੱਦੀ (ਸੰਗਰੂਰ)



www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਮੈਂਬਰਾਂ ਦੇ ਸੌ ਸੌ ਰੁਪਏ ਪੁਜੇ ਹਨ ਜਿਨ੍ਹਾਂ ਦੇ ਐਫ ਡੀਆਂ ਦੇ ਨੰਬਰ ਇਹ ਹਨ :—

| | | | |
|---|---|---|---|
| 285. ਸ. ਜਾਗੀਰ ਸਿੰਘ S/o ਸ. ਇੰਦਰ ਸਿੰਘ | (ਚਿਟ ਨੰ: 3285) | 223756/1286/77 | ਮਿਤੀ 26.9.77 |
| 286. ਸ. ਜਗਜੀਤ ਸਿੰਘ ਚੱਠੇਵਾਲਾ | ( ,, 3286) | 223757/1287/77 | ,, |
| 287. ਸ. ਡੀ. ਐਸ. ਸੂਦਨ | ( ,, 3287) | 223758/1288/77 | ,, |
| 288. ਗਿ: ਆਤਮਾ ਸਿੰਘ ਜੀ | ( ,, 3288) | 223759/1289/77 | ,, |
| 289. ਸ. ਗੁਰਬਖ਼ਸ਼ ਸਿੰਘ c/o ਚੰਧੋਕ ਆਟੋਮੋਬਾਈਲਜ਼ | ( ,, 3289) | 223760/1290/27 | ,, |
| 290. ਸ. ਸੁਰਜੀਤ ਸਿੰਘ ਜੀ | ( ,, 3290) | 223761/1291/77 | ,, |
| 291. ਸ. ਹਰਭਜਨ ਸਿੰਘ ਜੀ | ( ,, 3291) | 223762/1292/77 | ,, |
| 292. ਸ. ਜਗਜੀਤ ਸਿੰਘ ਜੀ ਸੰਧੂ | ( ,, 3292) | 223763/1293/77 | ,, |
| 293. ਸ. ਅਬਨਾਸ਼ੀ ਸਿੰਘ ਜੀ | ( ,, 3293) | 223765/1295/77 | 27.9.77 |

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਸ: ਗੁਰਮੇਜ ਸਿੰਘ ਜੀ ਬ੍ਰਿਮਿੰਘਮ ਯੂ. ਕੇ. ਵਲੋਂ | 74-30 |
| ਡਾ: ਅਜੀਤ ਸਿੰਘ ਜੀ ਹਰਸਾ ਛੀਨਾ ਵਲੋਂ | 5-00 |
| ਸ: ਮਹਿੰਦਰ ਸਿੰਘ ਜੀ ਵਿਰਕ, ਚੰਡੀਗੜ੍ਹ ਵਲੋਂ ਬੱਚੇ ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 31-00 |
| ਸਰਦਾਰਨੀ ਹਰਬੇਲ ਸਿੰਘ ਜੀ ਅੰਮ੍ਰਿਤਸਰ ਵਲੋਂ | 34-80 |
| ਬੀਬੀ ਬਲਬੀਰ ਕੌਰ ਜੀ ਰੀਡਿੰਗ ਯੂ. ਕੇ. ਪੰਜ ਪੌਂਡ<br>ਬੀਬੀ ਸੀਤਲ ਕੌਰ ਜੀ ਰੀਡਿੰਗ ਯੂ. ਕੇ ਢਾਈ ਪੌਂਡ<br>ਬੱਚੀ ਸ਼ਰਨਜੀਤ ਕੌਰ ਜੀ ,, ,, ਢਾਈ ਪੌਂਡ | 148-60 |
| ਸ. ਜੀ. ਐਸ. ਸੰਧੂ ਗਰੇਵਜ਼ੈਂਡ ਯੂ. ਕੇ. ਵਲੋਂ 25 ਪੌਂਡ ਕਾਕਾ ਪਰਮਜੀਤ ਸਿੰਘ ਦੀ ਪਹਿਲੀ ਤਨਖ਼ਾਹ | 371-50 |

ਵਾਹਿਗੁਰੂ ਸਭ ਨੂੰ ਨਾਮ ਦਾਨ, ਸਿਖੀ ਸਿਦਕ ਬਖ਼ਸ਼ਣ ਅਤੇ ਕਿਰਤ ਕਮਾਈ ਵਿਚ ਵਾਧਾ ਕਰਨ।

# ਹੁਸ਼ਿਆਰਪੁਰ ਵਿਖੇ ਰੈਣ ਸਬਾਈ ਕੀਰਤਨ

ਗੁਰਦੁਆਰਾ ਸਬਜ਼ੀ ਮੰਡੀ, ਮਹੱਲਾ ਬਸੀ ਖੁਆਜੂ ਹੁਸ਼ਿਆਰਪੁਰ ਵਿਖੇ ਸ਼ਨੀਵਾਰ ੧੫ ਅਕਤੂਬਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਸੰਗਤਾਂ ਪੁਜ ਕੇ ਲਾਭ ਪ੍ਰਾਪਤ ਕਰਨ। ਇਹ ਗੁਰਦੁਆਰਾ ਬਸ ਸਟੈਂਡ ਤੋਂ ਇਕ ਫ਼ਰਲਾਂਗ ਤੇ ਹੈ।

ਪੁਛ ਗਿਛ—ਭਾਈ ਹਰਮਿੰਦਰ ਸਿੰਘ, ਬੈਂਕ ਬਜ਼ਾਰ, ਹੁਸ਼ਿਆਰਪੁਰ

# ਪਿੰਡ ਤੇਹਿਗ (ਫ਼ਲੌਰ) ਵਿਖੇ ਅਖੰਡ ਕੀਰਤਨ

ਭਾਈ ਤੇਜਾ ਸਿੰਘ ਜੀ ਸਪੁਤਰ ਸ: ਕੇਸਰ ਸਿੰਘ ਇਤਲਾਹ ਦਿੰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਵਿਖੇ ੧੬ ਅਕਤੂਬਰ ਐਤਵਾਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਪੈ ਕੇ ੫ ਤੋਂ ੯ ਤਕ ਅਖੰਡ ਕੀਰਤਨ ਹੋਣਗੇ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਕੀਰਤਨ ਦੇ ਅਨੰਦ ਮਾਣਨ।

www.AKJ.Org

# ਦਿਲੀ ਵਿਖੇ ਸਾਲਾਨਾ ਕੀਰਤਨ ਸਮਾਗਮ

## *19 ਅਕਤੂਬਰ ਬੁਧਵਾਰ ਸਵੇਰ ਤੋਂ 23 ਅਕਤੂਬਰ 1977 ਐਤਵਾਰ ਸਵੇਰ ਤਕ*

ਸਦਾ ਵਾਂਗ ਸਤਿਗੁਰ ਸਚੇ ਪਾਤਸ਼ਾਹ ਜੀ ਦੀ ਬਖ਼ਸ਼ਸ਼ ਸਦਕਾ ਗੁਰਪੁਰਵਾਸੀ ਪੰਥ ਰਤਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ੧੮ ਅਕਤੂਬਰ ਸ਼ਾਮ ਨੂੰ ਦਿਲੀ ਪੁਜ ਰਹੇ ਹਨ । ਸਮੂਹ ਗੁਰਮੁਖ ਵੀਰ ਭੈਣਾਂ ਵਧ ਤੋਂ ਵਧ ਹਾਜ਼ਰੀਆਂ ਭਰ ਕੇ ਜਨਮ ਸਫਲਾ ਕਰੋ ਜੀ ।

### - ਪ੍ਰੋਗਰਾਮ -

| | ਸਵੇਰੇ ਕੀਰਤਨ ਆਸਾ ਦੀ ਵਾਰ | ਸ਼ਾਮ ਸੋਦਰ ਰਹਿਰਾਸ ਤੇ ਕੀਰਤਨ |
|---|---|---|
| ੧੯ ਅਕਤੂਬਰ | ਗੁ: ਰਕਾਬ ਗੰਜ ਸਾਹਿਬ | ਗੁਰਦਵਾਰਾ ਬੰਗਲਾ ਸਾਹਿਬ |
| ੨੦ ,, | ਗੁ: ਸੀਸ ਗੰਜ ਸਾਹਿਬ | ਗੁਰਦਵਾਰਾ ਬੰਗਲਾ ਸਾਹਿਬ |
| ੨੧ ,, | ਗੁ: ਬੰਗਲਾ ਸਾਹਿਬ | ਗੁ: ਸਿੰਘ ਸਭਾ ਕਰੋਲ ਬਾਗ |
| ੨੨ ,, | ਗੁ: ਬੰਗਲਾ ਸਾਹਿਬ | ਰੈਣ ਸਬਾਈ ਰਕਾਬ ਗੰਜ ਸਾਹਿਬ |

***ਅੰਮ੍ਰਿਤ-ਸਿੰਚਾਰ***—੨੨ ਅਕਤੂਬਰ ਸ਼ਨੀਵਾਰ ਦੁਪਹਿਰ ਪਿਛੋਂ ਗੁਰਦਵਾਰਾ ਰਕਾਬ ਗੰਜ ਵਿਖੇ ।
***ਰੈਣ - ਸਬਾਈ***—ਸ਼ਨੀਵਾਰ ਰਾਤ ਨੂੰ ਰਕਾਬ ਗੰਜ ਸਾਹਿਬ ਵਿਖੇ. ਐਤਵਾਰ ਸਵੇਰੇ ਸਮਾਪਤੀ ।
***ਨਿਵਾਸ ਅਸਥਾਨ***—ਗੁ: ਸਿੰਘ ਸਭਾ, ਗੁਰਦਵਾਰਾ ਰੋਡ, ਕਰੋਲ ਬਾਗ ਨਵੀਂ ਦਿਲੀ ।

ਨੋਟ—੧. ਪੁਛ ਗਿਛ ਲਈ—2/8 'B' ਬਲਾਕ, ਪੇਸ਼ਵਾ ਰੋਡ, ਗੋਲ ਮਾਰਕੀਟ, ਨਵੀਂ ਦਿਲੀ ।
੨. ਬਾਹਰੋਂ ਆਉਣ ਵਾਲੀਆਂ ਸੰਗਤਾਂ ਬਿਸਤਰੇ ਜ਼ਰੂਰ ਲਿਆਉਣ ਦੀ ਕਿਰਪਾ ਕਰਨ ।

ਦਾਸਰੇ—ਅਖੰਡ ਕੀਰਤਨੀ ਜੱਥਾ, ਦਿਲੀ ।

# ਆਗਰੇ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

## *੧੦ ਨਵੰਬਰ ਸਵੇਰ ਤੋਂ ੧੩ ਨਵੰਬਰ ਸਵੇਰ ਤਕ ਹੋ ਰਹੇ ਹਨ*

ਵੇਰਵੇ ਸਹਿਤ ਪ੍ਰੋਗਰਾਮ ਅਗਲੇ ਨਵੰਬਰ ਦੇ ਪਰਚੇ ਵਿਚ ਦਿਤਾ ਜਾ ਰਿਹਾ ਹੈ ।


## *ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ*

| | | | |
|---|---|---|---|
| ਅਣਡਿਠੀ ਦੁਨੀਆ | ੬-੨੫ | ਰੰਗਲੇ ਸਜਣ | ੪-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੩-੦੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਸਚ ਨਿਰਣੈ | ੬-੦੦ | ਗੁਰਮਤਿ ਗੌਰਵਤਾ | ੭-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੪-੫੦, ੬-੫੦ | ਦਰਸ਼ਨ ਝਲਕਾਂ | ੨-੫੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | ੩-੦੦ | ਅੰਮ੍ਰਿਤ ਕੀ ਹੈ | ੨-੦੦ |
| ਗੁਰਮਤਿ ਰਮਜ਼ਾਂ | ੧-੩੦ | ਅੰਮ੍ਰਿਤ ਕਲਾ | ੦-੪੦ |
| ਸਿੰਘਾਂ ਦਾ ਪੰਥ ਨਿਰਾਲਾ | ੦-੫੦ | ਸਿਖ ਕੌਣ ਹੈ | ੦-੩੦ |
| ਚਰਨ ਕਮਲ ਕੀ ਮਉਜ | ੦-੭੫ | ਸੱਚੀਆਂ ਦਾੜ੍ਹੀਆਂ | ੦-੩੦ |
| ਗੁਰਬਾਣੀ ਦੀ ਪਾਰਸ ਕਲਾ | ੦-੪੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਕੇਸਾਂ ਦਾ ਰਖਣਾ ਕਿਉਂ ਜ਼ਰੂਰੀ ਹੈ ? | ੦-੨੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |

*ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।*


www.AKJ.Org